@Qpatrika
@qaumipatrika punjabi
instagram.com/ qaumipatrika
Largest Circulated
CMYK

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Wednesday, 2 October 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 2 ਅਕਤੂਬਰ 2024, 17 ਅੱਸੂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 327, qpatrika@gmail.com ਫੋਨ : 9971359517 www.qaumipatrika.org

## ਪ੍ਰਧਾਨ ਮੰਤਰੀ ਮੋਦੀ ਦੀ ਭਰੋਸੇਯੋਗਤਾ 'ਜ਼ੀਰੋ' : ਜੈਰਾਮ ਰਮੇਸ਼

ਨਵੀਂ ਦਿੱਲੀ 1 ਅਕਤੂਬਰ। ਕਾਂਗਰਸ ਦੇ ਸੀਨੀਅਰ ਨੇਤਾ ਜੈਰਾਮ ਰਮੇਸ਼ ਨੇ ਕਿਹਾ ਕਿ ਕੱਲ ਜੰਮੂ 'ਚ 'ਨਾਨ-ਬਾਇਓਲੋਜੀਕਲ' ਪ੍ਰਧਾਨ ਮੰਤਰੀ ਦੀ ਰੈਲੀ ਤੋਂ ਪਹਿਲਾਂ ਅਸੀਂ ਉਨ੍ਹਾਂ ਨੂੰ ਜੰਮੂ-ਕਸ਼ਮੀਰ 'ਚ ਚੱਲ ਰਹੇ ਮਾੜੇ-ਸ਼ਾਸਨ ਨੂੰ ਲੈ ਕੇ ਕਈ ਸਵਾਲ ਪੁੱਛੇ ਸਨ। ਇਸ 'ਚ ਲੋਕਾਂ ਨੂੰ ਭੇਜੇ ਜਾ ਰਹੇ ਵਧੇ ਹੋਏ ਬਿਜਲੀ ਬਿੱਲ ਦਾ ਮੁੱਦਾ ਵੀ ਸ਼ਾਮਲ ਸੀ। ਕੱਲ ਆਪਣੇ ਭਾਸ਼ਣ 'ਚ ਪ੍ਰਧਾਨ ਮੰਤਰੀ ਨੇ ਅਨਜਾਣੇ 'ਚ ਇਨ੍ਹਾਂ ਵਧੇ ਹੋਏ ਬਿੱਲਾਂ ਦੀ ਅਸਲੀਅਤ ਨੂੰ ਸਵੀਕਾਰ ਕਰ ਲਿਆ ਅਤੇ ਖਪਤਕਾਰਾਂ ਨੂੰ ਮੁਫਤ ਬਿਜਲੀ ਦੇਣ ਦਾ ਵਾਅਦਾ ਕੀਤਾ ਪਰ ਇਸ ਮੁੱਦੇ 'ਤੇ ਉਨ੍ਹਾਂ ਦੀ ਭਰੋਸੇਯੋਗਤਾ 'ਜ਼ੀਰੋ' ਹੈ। ਉਨ੍ਹਾਂ ਨੇ ਅਤੇ ਉਨ੍ਹਾਂ ਦੀ ਸਰਕਾਰ ਨੇ ਪਿਛਲੇ 6 ਸਾਲਾਂ ਤੋਂ ਜੰਮੂ-ਕਸ਼ਮੀਰ ਨੂੰ ਸਿੱਧੇ ਤੌਰ 'ਤੇ ਕੰਟਰੋਲ ਕੀਤਾ ਹੈ ਅਤੇ ਕਈ ਲੋਕ-ਵਿਰੋਧੀ ਫੈਸਲੇ ਲਏ ਹਨ, ਜਿਸ ਦੇ ਨਤੀਜੇ ਵਜੋਂ ਹੀ ਇਹ ਸਥਿਤੀ ਪੈਦਾ ਹੋਈ ਹੈ। ਜਿਨ੍ਹਾਂ 'ਸਮਾਰਟ ਮੀਟਰਾਂ' ਕਾਰਨ ਇਹ ਵਧੇ ਹੋਏ ਬਿੱਲ ਆਏ ਹਨ, ਉਹ ਐੱਲ. ਜੀ. ਪ੍ਰਸ਼ਾਸਨ ਵੱਲੋਂ ਹੀ ਲਗਾਏ ਗਏ ਸਨ, ਜਿਨ੍ਹਾਂ ਨੇ ਖੁਦ ਬਣੇ ਚਾਣਕਿਆ ਵੱਲੋਂ ਸੰਚਾਲਿਤ ਗ੍ਰਹਿ ਮੰਤਰਾਲਾ ਨੂੰ ਰਿਪੋਰਟ ਦਿੱਤੀ ਸੀ। ਉਨ੍ਹਾਂ ਕਿਹਾ ਕਿ ਦਰਾਂ 'ਚ ਵਾਧੇ ਦਾ ਫ਼ੈਸਲਾ ਵੀ ਐੱਲ. ਜੀ. ਪ੍ਰਸ਼ਾਸਨ ਵੱਲੋਂ ਹੀ ਲਿਆ ਗਿਆ ਸੀ। ਬਿਜਲੀ ਉਤਪਾਦਨ ਸਮਰੱਥਾ ਵਧਾਉਣ 'ਚ ਨਾਕਾਮੀ ਵੀ ਆਖਿਰ ਐੱਲ. ਜੀ. ਪ੍ਰਸ਼ਾਸਨ ਅਤੇ ਖੁਦ ਬਣੇ ਚਾਣਕਿਆ ਵੱਲੋਂ ਸੰਚਾਲਿਤ ਗ੍ਰਹਿ ਮੰਤਰਾਲਾ ਦੀ ਹੀ ਹੈ। ਜੰਮੂ-ਕਸ਼ਮੀਰ ਦੇ ਲੋਕਾਂ ਨੂੰ ਉਨ੍ਹਾਂ ਦੇ ਥਕੇ ਹੋਏ, ਬੋਰ ਕਰਨ ਵਾਲੇ ਅਤੇ ਖਰਾਬ ਚੋਣ ਵਾਅਦਿਆਂ 'ਤੇ ਜਰਾ ਵੀ ਭਰੋਸਾ ਨਹੀਂ ਹੈ। ਇਸ ਦਰਮਿਆਨ ਜੈਰਾਮ ਰਮੇਸ਼ ਨੇ 'ਗ੍ਰੇਟ ਨਿਕੋਬਾਰ' ਟਾਪੂ ਬੁਨਿਆਦੀ ਢਾਂਚਾ ਪ੍ਰਾਜੈਕਟ ਨੂੰ ਲੈ ਕੇ ਵਾਤਾਵਰਣ ਮੰਤਰੀ ਭੂਪੇਂਦਰ ਯਾਦਵ ਨੂੰ ਪੱਤਰ ਲਿਖ ਕੇ ਦੋਸ਼ ਲਾਇਆ ਹੈ ਕਿ ਪ੍ਰਾਜੈਕਟ ਨੂੰ ਦਿੱਤੀ ਗਈ ਵਾਤਾਵਰਣ ਸਬੰਧੀ ਮਨਜ਼ੂਰੀਆਂ ਦੀ ਮੁੜ ਤੋਂ ਸਮੀਖਿਆ ਕਰਨ ਲਈ ਬਣਾਈ ਉੱਚ ਅਧਿਕਾਰ ਪ੍ਰਾਪਤ ਕਮੇਟੀ ਦਾ ਢਾਂਚਾ ਹੀ ਪੱਖਪਾਤੀ ਹੈ ਅਤੇ ਉਸ ਨੇ ਕੋਈ ਸਾਰਥਕ ਮੁੜ ਮੁਲਾਂਕਣ ਨਹੀਂ ਕੀਤਾ।

# ਰੁਜਗਾਰ ਦੇ ਮੌਕੇ ਸਿਰਜਣ ਵੱਲ ਪੰਜਾਬ ਸਰਕਾਰ ਦੇ ਪ੍ਰਗਤੀਸ਼ੀਲ ਕਦਮ

**ਸਿੰਮੀ ਕੌਰ ਬੱਬਰ**

ਜਲੰਧਰ 1 ਅਕਤੂਬਰ। ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਸਰਕਾਰੀਆਂ ਨੌਕਰੀਆਂ ਦਿੱਤੀਆਂ ਜਾ ਰਹੀ ਹਨ। ਸਰਕਾਰ ਵੱਖ-ਵੱਖ ਸਕੀਮਾਂ ਰਾਹੀਂ ਸਰਕਾਰੀ ਅਤੇ ਨਿੱਜੀ ਖੇਤਰ ਵਿੱਚ ਨੌਕਰੀਆਂ ਦੇ ਮੌਕੇ ਮੁਹੱਈਆ ਕਰਵਾ ਰਹੀ ਹੈ। ਇਨ੍ਹਾਂ ਸਕੀਮਾਂ ਦੇ ਤਹਿਤ ਪੰਜਾਬ ਸਰਕਾਰ ਨੇ ਵੱਡੇ ਪੱਧਰ 'ਤੇ ਨੌਕਰੀਆਂ ਦੀਆਂ ਬਹਾਲੀਆਂ ਕੀਤੀਆਂ ਹਨ, ਖਾਸ ਕਰਕੇ ਸਿੱਖਿਆ, ਸਿਹਤ, ਪੁਲਸ, ਅਤੇ ਪ੍ਰਸਾਸਨ ਖੇਤਰਾਂ ਵਿੱਚ। ਇਸ ਤੋਂ ਇਲਾਵਾ ਪੰਜਾਬ ਸਰਕਾਰ ਦਾ ਮਕਸਦ ਨੌਜਵਾਨਾਂ ਨੂੰ ਯੋਗਤਾ ਅਨੁਸਾਰ ਨੌਕਰੀਆਂ ਦੇ ਨਾਲ-ਨਾਲ ਕੌਸਲ ਵਿਕਾਸ, ਸਵੈ-ਰੁਜਗਾਰ , ਅਤੇ ਉਦਯੋਗਿਕ ਵਿਕਾਸ ਦੇ ਮੌਕੇ ਪ੍ਰਦਾਨ ਕਰਨਾ ਹੈ। ਰੁਜਗਾਰ ਮੇਲੇ, ਆਨਲਾਈਨ ਪੋਰਟਲ, ਅਪ੍ਰੈਂਟਿਸਸ਼ਿ?ਪ, ਅਤੇ ਨਵੇਂ ਉਦਯੋਗਾਂ ਦੇ ਪ੍ਰਚਾਰ ਵਰਗੇ ਕਦਮਾਂ ਰਾਹੀਂ ਨੌਜਵਾਨਾਂ ਨੂੰ ਵਿਦੇਸ ਅਤੇ ਘਰੇਲੂ ਮੰਡੀ ਵਿੱਚ ਨੌਕਰੀਆਂ ਦੇ ਮੌਕੇ ਦਿੱਤੇ ਜਾ ਰਹੇ ਹਨ। ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਨੌਕਰੀਆਂ ਦਾ ਧੰਨਵਾਦ ਕਰਦਿਆਂ ਪਿੰਡ ਖੇੜੀ



ਮਲਾਨ ਦੀ ਰਹਿਣ ਵਾਲੀ ਮੁੱਖਦੀਪ ਕੌਰ ਸਟੈਨੋਗ੍ਰਾਫਰ ਨੇ ਦੱਸਿਆ ਕਿ ਉਸ ਨੇ 10 ਵੀਂ ਤੋਂ ਬਾਅਦ ਕੰਪਿਊਟਰ ਇੰਜਨੀਅਰਿੰਗ ਦਾ ਡਿਪਲੋਮਾ ਕੀਤਾ ਅਤੇ ਫਿਰ ਬੀ. ਟੈੱਕ ਵੀ ਕੀਤੀ। ਉਸ ਨੇ ਦੱਸਿਆ ਕਿ ਮੇਰਾ ਸੁਫਨਾ ਸਰਕਾਰੀ ਨੌਕਰੀ ਦਾ ਸੀ ਜਿਸ ਤੋਂ ਬਾਅਦ ਮੈਂ 5 ਸਾਲ ਲੱਗਾ ਕੇ ਸਟੈਨੋਗ੍ਰਾਫਰੀ ਕੀਤੀ। ਮੁੱਖਦੀਪ ਨੇ ਦੱਸਿਆ ਕਿ ਉਸ ਨੇ ਪੰਜਾਬੀ ਦੇ ਨਾਲ-ਨਾਲ ਇੰਗਲਿਸ਼ ਸਟੈਨੋਗ੍ਰਾਫੀ ਸਿੱਖੀ ਅਤੇ ਮਈ 2023 'ਚ ਸਟੈਨੋਗ੍ਰਾਫੀ ਦਾ ਪੇਪਰ 'ਚ ਦਿੱਤਾ ਸੀ ਜਿਸ ਤੋਂ ਬਾਅਦ ਮਾਰਚ 2024 'ਚ ਮੇਰੀ ਸਰਕਾਰੀ ਨੌਕਰੀ ਲੱਗ ਗਈ। ਮੁੱਖਦੀਪ ਨੇ ਕਿਹਾ ਅੱਜ ਮੈਂ ਬਤੌਰ ਵਾਟਰ ਸੈਨੀਟੇਸ਼ਨ ਵਿਭਾਗ 'ਚ ਨੌਕਰੀ ਕਰ ਰਹੀ ਹਾਂ। ਇਸ ਲਈ ਮੈਂ ਪੰਜਾਬ ਸਰਕਾਰ ਦਾ ਬਹੁਤ-ਬਹੁਤ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਸਾਡੇ ਸੁਫਨੇ ਪੂਰੇ ਕੀਤੇ ਹਨ। ਇਸ ਦੌਰਾਨ ਕੁੜੀ ਨੇ ਕਿਹਾ ਕਿ ਨੌਜਵਾਨ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਜਰੂਰੀ ਨਹੀਂ ਹੁੰਦਾ ਤੁਸੀਂ ਬਾਹਰ ਜਾ ਕੇ ਸੈਟਲ ਹੋਵੋ। ਜਿੰਨੀ ਮਿਹਨਤ ਤੁਸੀਂ ਉੱਥੇ ਸਾਰੀ ਉਮਰ ਕਰਨੀ ਹੈ ਉਨੀ ਹੀ ਮਿਹਨਤ 5 ਸਾਲ ਕਰੋਗੇ ਤਾਂ ਤੁਹਾਨੂੰ ਨੌਕਰੀ ਜਰੂਰ ਮਿਲੇਗੀ।

## ਮਣੀਪੁਰ 'ਚ ਅਫਸਪਾ ਦੀ ਮਿਆਦ 6 ਮਹੀਨੇ ਲਈ ਹੋਰ ਵਧੀ

**ਤੇਜਿੰਦਰ ਕੌਰ ਬੱਬਰ**

ਇੰਫਾਲ, 1 ਅਕਤੂਬਰ। ਸਰਕਾਰ ਨੇ ਮਣੀਪੁਰ 'ਚ ਆਰਮਡ ਫੋਰਸਿਜ (ਸਪੈਸਲ ਪਾਵਰਜ) ਐਕਟ (ਅਫਸਪਾ) ਦੇ ਲਾਗੂ ਹੋਣ ਦੀ ਮਿਆਦ 6 ਮਹੀਨਿਆਂ ਲਈ ਹੋਰ ਵਧਾ ਦਿੱਤੀ ਹੈ। ਹਾਲਾਂਕਿ, ਇੰਫਾਲ ਘਾਟੀ ਦੇ ਅਧੀਨ ਆਉਂਦੇ 19 ਪੁਲਸ ਸਟੇਸਨ ਖੇਤਰ ਅਤੇ ਆਸਾਮ ਦੀ ਸਰਹੱਦ ਨਾਲ ਲੱਗਦੇ ਖੇਤਰ ਨੂੰ ਇਸ ਤੋਂ ਬਾਹਰ ਰੱਖਿਆ ਗਿਆ ਹੈ। ਰਾਜ ਸਰਕਾਰ ਦੇ ਗ੍ਰਹਿ ਵਿਭਾਗ ਨੇ ਦੱਸਿਆ ਕਿ ਇਹ ਵਿਸਤਾਰ 1 ਅਕਤੂਬਰ ਤੋਂ ਲਾਗੂ ਹੋਵੇਗਾ। ਨੋਟੀਫਿਕੇਸਨ ਵਿਚ ਕਿਹਾ ਗਿਆ ਹੈ ਕਿ ਸੂਬੇ ਵਿਚ ਮੌਜੂਦਾ ਕਾਨੂੰਨ ਤੇ ਵਿਵਸਥਾ ਦੀ ਸਥਿਤੀ ਦਾ ਵਿਸਲੇਸਣ ਕਰਨ ਤੋਂ ਬਾਅਦ ਰਾਜ ਸਰਕਾਰ ਦਾ ਵਿਚਾਰ ਹੈ ਕਿ ਜਮੀਨੀ ਪੱਧਰ 'ਤੇ ਵਿਸਤ੍ਰਿਤ ਮੁਲਾਂਕਣ ਕਰਨਾ ਉਚਿਤ ਨਹੀਂ ਹੈ, ਕਿਉਂਕਿ ਸੁਰੱਖਿਆ ਏਜੰਸੀਆਂ ਕਾਨੂੰਨ ਵਿਵਸਥਾ ਬਣਾਈ ਰੱਖਣ ਵਿਚ ਰੁੱਝੀਆਂ ਹੋਈਆਂ ਹਨ। ਕਮਿਸਨਰ (ਗ੍ਰਹਿ) ਐੱਨ. ਅਸੋਕ ਕੁਮਾਰ ਨੇ ਦੱਸਿਆ ਕਿ ਇੰਫਾਲ, ਲਾਮਫੇਲ, ਸਿਟੀ, ਸਿੰਗਜਾਮੇਈ, ਸੇਕਮਾਈ, ਲਾਮਸਾਂਗ, ਪਟਸੋਈ, ਵਾਂਗੋਈ, ਪੋਰੋਮਪਟ, ਹੇਈਂਗੰਗ, ਲਾਮਲਾਈ, ਇਰੀਬੰਗ, ਲੀਮਾਖੋਂਗ, ਥੌਬਲ, ਬਿਸਨੂਪੁਰ, ਨਾਮਬੋਲ, ਮੋਇਰੰਗ, ਕਾਕਚਿੰਗ ਅਤੇ ਜਿਰੀਬਾਮ ਵਿਚ ਅਫਸਪਾ ਵਧਾਇਆ ਗਿਆ ਹੈ।

## ਹੜ੍ਹ ਦੀ ਸਥਿਤੀ ਖਤਰਨਾਕ, ਮਮਤਾ ਨੇ ਕੇਂਦਰ 'ਤੇ ਲਗਾਇਆ ਮਦਦ ਨਾ ਕਰਨ ਦਾ ਦੋਸ਼

ਕੋਲਕਾਤਾ 1 ਅਕਤੂਬਰ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਉੱਤਰੀ ਜ਼ਿ?ਲ੍ਹਿਆਂ 'ਚ ਹੜ੍ਹ ਦੀ ਸਥਿਤੀ ਨੂੰ 'ਖਤਰਨਾਕ' ਦੱਸਿਆ ਅਤੇ ਦਾਅਵਾ ਕੀਤਾ ਕਿ ਸੂਬੇ ਨੂੰ ਇਸ ਕੁਦਰਤੀ ਆਫਤ ਨਾਲ ਨਜਿੱਠਣ ਲਈ ਕੇਂਦਰ ਸਰਕਾਰ ਵੱਲੋਂ ਸਹਾਇਤਾ ਨਹੀਂ ਮਿਲ ਰਹੀ ਹੈ। ਬੰਗਾਲ ਦੇ ਉੱਤਰੀ ਹਿੱਸੇ 'ਚ ਹੜ੍ਹ ਦੀ ਸਥਿਤੀ ਦਾ ਨਿਰੀਖਣ ਕਰਨ ਲਈ ਉੱਥੇ ਜਾ ਰਹੀ ਮਮਤਾ ਨੇ ਪੱਤਰਕਾਰਾਂ ਨੂੰ ਕਿਹਾ ਕਿ ਸੂਬਾ ਸਰਕਾਰ ਜੰਗੀ ਪੱਧਰ 'ਤੇ ਹੜ੍ਹ ਨਾਲ ਨਜਿੱਠ ਰਹੀ ਹੈ। ਮੁੱਖ ਮੰਤਰੀ ਨੇ ਸਿਲੀਗੁੜੀ ਜਾਂਦੇ ਸਮੇਂ ਕਿਹਾ ਕਿ ਉੱਤਰੀ ਬੰਗਾਲ ਹੜ੍ਹ ਦੀ ਲਪੇਟ 'ਚ ਹੈ। ਕੂਚਬਿਹਾਰ, ਜਲਪਾਈਗੁੜੀ ਅਤੇ ਅਲੀਪੁਰਦਵਾਰ ਵਰਗੇ ਜ਼ਿ?ਲੇ ਪ੍ਰਭਾਵਿਤ ਹੋਏ ਹਨ। ਕੇਂਦਰ ਸਰਕਾਰ 'ਤੇ ਸੂਬੇ ਨੂੰ ਆਫਤਾਂ ਨਾਲ ਲੜਨ 'ਚ ਮਦਦ ਕਰਨ ਲਈ ਆਪਣੀ ਭੂਮਿਕਾ ਨਾ ਨਿਭਾਉਣ ਦਾ ਦੋਸ਼ ਲਾਉਂਦੇ ਹੋਏ ਉਨ੍ਹਾਂ ਨੇ ਕਿਹਾ ਕਿ ਸਾਡੇ ਵਾਰ-ਵਾਰ ਯਾਦ ਦਿਵਾਉਣ ਦੇ ਬਾਵਜੂਦ ਕੇਂਦਰ ਨੇ ਫਰੱਕਾ ਬੈਰਾਜ ਦੀ ਸਾਂਭ-ਸੰਭਾਲ ਨਹੀਂ ਕੀਤੀ ਅਤੇ ਇਸ ਦੀ ਪਾਣੀ ਸੰਭਾਲ ਸਮਰੱਥਾ ਕਾਫ਼ੀ ਹੱਦ ਤੱਕ ਘੱਟ ਹੋ ਗਈ ਹੈ।

## ਭਾਜਪਾ ਆਗੂਆਂ ਨਾਲ ਮਿਲ ਕੇ ਜਬਰਨ ਵਸੂਲੀ ਕਰ ਰਹੇ ਈ. ਡੀ. ਦੇ ਅਧਿਕਾਰੀ : ਰਾਊਤ

ਮੁੰਬਈ 1 ਅਕਤੂਬਰ। ਸ਼ਿਵ ਸੈਨਾ ਆਗੂ ਸੰਜੈ ਰਾਊਤ ਨੇ ਦੋਸ਼ ਲਾਇਆ ਕਿ ਇਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਦੇ ਕੁਝ ਅਧਿਕਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਆਗੂਆਂ ਦੀ ਮਿਲੀਭੁਗਤ ਨਾਲ ਲੋਕਾਂ ਤੋਂ ਭਾਰੀ ਮਾਤਰਾ 'ਚ ਪੈਸਾ ਵਸੂਲ ਰਹੇ ਹਨ। ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਦੀ ਪਾਰਟੀ ਸੱਤਾ 'ਚ ਆਵੇਗੀ ਤਾਂ ਇਸ ਗ਼ੈਰ-ਕਾਨੂੰਨੀ ਸਰਗਰਮੀਆਂ ਦਾ ਪਰਦਾਫਾਸ਼ ਕੀਤਾ ਜਾਵੇਗਾ। ਰਾਊਤ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਇਹ ਦੋਸ਼ ਵੀ ਲਾਇਆ ਕਿ ਮਹਾਰਾਸ਼ਟਰ ਦੇ ਉਪ-ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੂੰ ਅਜਿਹੇ ਗ਼ੈਰ-ਕਾਨੂੰਨੀ ਕੰਮਾਂ 'ਚ ਸ਼ਾਮਲ ਲੋਕਾਂ ਬਾਰੇ ਪਤਾ ਹੈ। ਸੰਜੈ ਰਾਊਤ ਨੇ ਦੋਸ਼ ਲਗਾਇਆ ਕਿ ਈ.ਡੀ. ਦੇ ਇਕ ਏਜੰਟ ਦੇ ਤੌਰ 'ਤੇ ਕੰਮ ਕਰਨ ਵਾਲਾ ਜੀਤੂ ਨਵਲਾਨੀ ਨਾਂ ਦਾ ਵਿਅਕਤੀ ਜਬਰਨ ਵਸੂਲੀ 'ਚ ਸ਼ਾਮਲ ਸੀ। ਸਾਡੀ ਐੱਮ.ਵੀ.ਏ. ਸਰਕਾਰ ਨੇ ਉਸ ਖ਼ਿ?ਲਾਫ ਕਾਨੂੰਨੀ ਕਾਰਵਾਈ ਕੀਤੀ। ਅਜਿਹਾ ਮੰਨਿਆ ਜਾਂਦਾ ਹੈ ਕਿ ਉਸ ਨੂੰ ਈ.ਡੀ. ਅਤੇ ਭਾਜਪਾ ਆਗੂ ਦੇਵੇਂਦਰ ਫੜਨਵੀਸ, ਦੋਵਾਂ ਦਾ ਸਮਰਥਨ ਪ੍ਰਾਪਤ ਸੀ। ਰਾਊਤ ਨੇ ਦਾਅਵਾ ਕੀਤਾ ਕਿ (ਜੂਨ 2022 'ਚ ਏਕਨਾਥ ਸ਼ਿੰਦੇ ਸਰਕਾਰ 'ਚ) ਸੂਬੇ ਦੇ ਗ੍ਰਹਿ ਮੰਤਰੀ ਵਜੋਂ ਅਹੁਦਾ ਸੰਭਾਲਣ ਤੋਂ ਬਾਅਦ ਫੜਨਵੀਸ ਨੇ ਇਸ ਮਾਮਲੇ ਦੀ ਜਾਂਚ ਲਈ ਮਹਾਵਿਕਾਸ ਆਘਾੜੀ (ਐੱਮ.ਵੀ.ਏ.) ਸਰਕਾਰ ਵੱਲੋਂ ਗਠਿਤ ਵਿਸ਼ੇਸ਼ ਜਾਂਚ ਟੀਮ ਨੂੰ ਖਤਮ ਕਰ ਦਿੱਤਾ।



## ਵਿਦੇਸ਼ ਭੇਜਣ ਦੇ ਨਾਂ 'ਤੇ ਕੀਤੀ ਢਾਈ ਲੱਖ ਰੁਪਏ ਦੀ ਠੱਗੀ, ਪੁਲਸ ਵੱਲੋਂ ਮਾਮਲਾ ਦਰਜ

ਨਵਾਂਸ਼ਹਿਰ 1 ਅਕਤੂਬਰ। ਥਾਣਾ ਸਦਰ ਨਵਾਂਸ਼ਹਿਰ ਪੁਲਸ ਨੇ ਇਕ ਵਿਆਕਤੀ ਨੂੰ ਵਿਦੇਸ਼ ਭੇਜਣ ਦੇ ਨਾਂ 'ਤੇ ਠੱਗੀ ਮਾਰਨੇ ਵਾਲੇ ਵਿਅਕਤੀ ਖਿ਼ਲਾਫ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਕਿੱਤੀ ਸ਼ਿਕਾਇਤ ਵਿੱਚ ਪੀੜਤ ਨਰੇਸ਼ ਕੁਮਾਰ ਨਿਵਾਸੀ ਸਨਾਵਾ ਨੇ ਦੱਸਿਆ ਕਿ ਉਨ੍ਹਾਂ ਨੇ ਮਾਮਲੇ ਵਿੱਚ ਨਾਮਜਦ ਕਥਿਤ ਦੋਸ਼ੀ ਕਸ਼ਮੀਰ ਸਿੰਘ ਨੂੰ ਵਿਦੇਸ਼ ਜਾਣ ਦੇ ਲਈ ਢਾਈ ਲੱਖ ਰੁਪਏ ਦਿੱਤੇ ਸਨ ਪਰ ਕਥਿਤ ਦੋਸ਼ੀ ਨੇ ਨਾ ਉਸ ਨੂੰ ਵਿਦੇਸ਼ ਭੇਜਿਆ ਨਾ ਹੀ ਉਨ੍ਹਾਂ ਦੀ ਪੈਸੇ ਅਤੇ ਕਾਗਜਾਤ ਵਾਪਸ ਕੀਤੇ। ਮਾਮਲੇ ਦੀ ਜਾਂਚ ਆਰਥਿਕ ਅਪਰਾਧ ਸ਼ਾਖਾ ਨੇ ਕਰਨ ਦੇ ਉਪਰੰਤ ਕਥਿਤ ਦੋਸ਼ੀ ਕਸ਼ਮੀਰ ਸਿੰਘ ਖਿ਼ਲਾਫ ਧੋਖਾਧੜੀ ਦਾ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ।

### ਮਾਪਿਆਂ ਦਾ ਸਹਾਰਾ ਬਨਣ ਲਈ ਪਾਰਟ ਟਾਈਮ ਕੰਮ 'ਤੇ ਲੱਗੀ ਕੁੜੀ ! ਅੱਗਿਓਂ ਮਾਲਕ ਨੇ ਰੋਲ ਦਿੱਤੀ ਪੱਤ

ਲੁਧਿਆਣਾ 1 ਅਕਤੂਬਰ। ਪੜ੍ਹਾਈ ਦੇ ਨਾਲ-ਨਾਲ ਖਰਚਾ ਚਲਾਉਣ ਲਈ ਮੁਨਿਆਰੀ ਦੀ ਦੁਕਾਨ 'ਤੇ ਲੱਗੀ 11ਵੀਂ ਦੀ ਵਿਦਿਆਰਥਣ ਦੀ ਮਜਬੂਰੀ ਦਾ ਫਾਇਦਾ ਚੁੱਕ ਕੇ ਮਾਲਕ ਉਸ ਨੂੰ ਆਪਣੇ ਘਰ ਲੈ ਗਿਆ ਅਤੇ ਨਸ਼ੀਲਾ ਪਦਾਰਥ ਖੁਆ ਕੇ ਬੇਹੋਸ਼ ਕਰ ਕੇ ਜਬਰ-ਜ਼ਨਾਹ ਕੀਤਾ। ਇਸ ਮਾਮਲੇ 'ਚ ਥਾਣਾ ਸਦਰ ਦੀ ਪੁਲਸ ਨੇ 64 ਬੀ. ਐੱਨ. ਐੱਸ. ਅਤੇ ਪੋਕਸੋ ਐਕਟ ਤਹਿਤ ਕੇਸ ਦਰਜ ਕੀਤਾ ਹੈ। ਜਾਂਚ ਅਧਿਕਾਰੀ ਹਰਬੰਸ ਸਿੰਘ ਅਨੁਸਾਰ ਮੁਲਜ਼ਮ ਦੀ ਪਛਾਣ ਵਿਵੇਕ ਮਹਿਤਾ 55 ਵਜੋਂ ਹੋਈ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਮਾਂ ਨੇ ਦੱਸਿਆ ਕਿ ਉਸ ਦੀ ਨਾਬਾਲਗ ਬੇਟੀ ਆਪਣੇ ਪਿਤਾ ਨਾਲ ਰਹਿੰਦੀ ਹੈ ਅਤੇ 20 ਦਿਨ ਪਹਿਲਾਂ ਹੀ ਕੰਮ 'ਤੇ ਲੱਗੀ ਸੀ। ਬੀਤੀ 14 ਜੂਨ ਨੂੰ ਉਕਤ ਮੁਲਜ਼ਮ ਬਹਾਨੇ ਨਾਲ ਬੇਟੀ ਨੂੰ ਆਪਣੇ ਨਾਲ ਘਰ ਲੈ ਗਿਆ ਅਤੇ ਨਸ਼ੀਲੇ ਪਦਾਰਥ ਦੇ ਕੇ ਜਬਰ-ਜ਼ਿਨਾਹ ਕੀਤਾ। ਬੀਤੀ 27 ਜੂਨ ਨੂੰ ਬੇਟੀ ਨੇ ਉਸ ਨੂੰ ਸਾਰੀ ਦਾਸਤਾਂ ਸੁਣਾਈ, ਜਿਸ ਤੋਂ ਬਾਅਦ ਪੁਲਸ ਨੂੰ ਸ਼ਿਕਾਇਤ ਦਿੱਤੀ ਗਈ।

# ਸਾਵਧਾਨ ! ਮੁੰਡੇ ਨੇ ਕੁੜੀ ਦੀ ਫੋਟੋ ਲਗਾ ਕੇ ਸਨੈਪਚੇਟ 'ਤੇ ਭੇਜੀ ਫ੍ਰੈਂਡ ਰਿਕੁਐਸਟ, ਅਕਸੈਪਟ ਕਰਨ ਮਗਰੋਂ ਹੋਇਆ ਉਹ ਜੋ ਸੋਚਿਆ ਨਾ ਸੀ

ਲੁਧਿਆਣਾ 1 ਅਕਤੂਬਰ। ਸਨੇਪਚੈਟ ਆਈ. ਡੀ. 'ਤੇ ਕੁੜੀ ਦੀ ਫੋਟੋ ਲਾ ਕੇ ਕੁੜੀ ਨੂੰ ਭੇਜੀ ਰਿਕੁਐਸਟ ਅਕਸੈਪਟ ਹੋਣ 'ਤੇ ਨੌਜਵਾਨ ਵੱਲੋਂ ਬਲੈਕਮੇਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਗੱਲ ਪੁਲਸ ਦੇ ਧਿਆਨ 'ਚ ਆਉਣ 'ਤੇ ਮਾਮਲਾ ਦਰਜ ਕਰਕੇ ਲੜਕੇ ਦੀ ਭਾਲ ਸੁਰੂ ਕਰ ਦਿੱਤੀ ਹੈ। ਡਿਵੀਜਨ ਨੰ. 7 ਦੀ ਪੁਲਸ ਨੇ ਕੁੜੀ ਦੀ ਸਿ਼ਕਾਇਤ 'ਤੇ ਮਾਮਲਾ ਦਰਜ ਕਰਦੇ ਦੱਸਿਆ ਕਿ ਨਿਤਿਸ ਸੈਣੀ ਨਾਮ ਦੇ ਲੜਕੇ ਨੇ ਪਹਿਲਾਂ ਤਾਂ ਸਨੇਪਚੈਟ ਆਈ. ਡੀ. 'ਤੇ ਕੁੜੀ ਦੀ ਫੋਟੋ ਲਗਾ ਕੇ ਕੁੜੀ ਨੂੰ ਫ੍ਰੈਂਡ ਰਿਕੁਐਸਟ ਭੇਜੀ। ਜਦੋਂ ਲੜਕੀ ਨੇ ਗਲਤਫਹਿਮੀ 'ਚ ਰਿਕੁਐਸਟ ਅਕਸੈਪਟ ਕਰ ਲਈ ਤਾਂ ਉਸ ਨੂੰ ਗਲਤ ਮੈਸੇਜ ਕਰਨ ਲੱਗਿਆ, ਜਦੋਂ ਕੁੜੀ ਨੇ ਬਲੌਕ ਕਰ ਦਿੱਤਾ ਤਾਂ ਸਨੇਪਚੈਟ ਤੋਂ ਫੋਨ ਕਰਕੇ ਮੁੰਡੇ ਦੀ ਭੈਣ ਨੇ ਕਿਹਾ ਕਿ ਦੀਦੀ ਘਬਰਾਓ ਨਾ ਇਹ ਮੇਰੀ ਆਈ. ਡੀ. ਹੈ। ਮੇਰੇ ਭਰਾ ਨੇ ਫੋਨ ਚੈੱਕ ਕੀਤਾ ਸੀ ਕਿ ਕਿਤੇ ਕਿਸੇ ਮੁੰਡੇ ਨਾਲ ਗੱਲ ਤਾਂ ਨਹੀਂ ਕਰਦੀ, ਮੈਨੂੰ ਅਨਬਲੌਕ ਕਰ ਦਿਓ। ਜਦੋਂ ਮੈਂ ਅਨਬਲੌਕ ਕਰ ਦਿੱਤਾ, ਫਿਰ ਥੋੜ੍ਹੇ ਦਿਨਾਂ ਬਾਅਦ ਮੈਨੂੰ ਮੈਸੇਜ ਆਇਆ ਕਿ ਮੈਂ ਤੁਆਡੀ ਆਈ. ਡੀ. ਪਾਪੂਲਰ ਕਰ ਦੇਣੀ ਹੈ, ਨਹੀਂ ਤਾਂ ਤੁਹਾਡੇ ਨੰਬਰ 'ਤੇ ਇਕ ਓ. ਟੀ. ਪੀ. ਆਇਆ ਹੈ, ਉਹ ਦੇ ਦਿਓ। ਜਦੋਂ ਮੈਂ ਓ. ਟੀ. ਪੀ. ਦੇ ਦਿੱਤਾ ਤਾਂ ਉਨ੍ਹਾਂ ਮੇਰਾ ਸਨੈਪਚੈਟ, ਵਟਸਐਪ



ਅਤੇ ਇੰਸਟਾਗ੍ਰਾਮ ਨੂੰ ਹੈਕ ਕਰਕੇ ਫੋਟੋਆਂ ਐਡਿਟ ਕਰਕੇ ਵਾਇਰਲ ਕਰਨ ਦਾ ਡਰਾਵਾ ਦੇ ਕੇ ਕੁੜੀ ਨੂੰ ਗੱਲ ਕਰਨ ਲਈ ਮਜਬੂਰ ਕਰਨ ਲੱਗਿਆ। ਕੁੜੀ ਨੇ ਦੱਸਿਆ ਕਿ ਜਦੋਂ ਉਹ ਮੰਦਰ ਮੱਥਾ ਟੇਕ ਕੇ ਬਾਹਰ ਆਈ ਤਾਂ ਉਪਰੋਕਤ ਮੁੰਡੇ ਨੇ ਜਬਰਦਸਤੀ ਮੇਰਾ ਹੱਥ ਫੜ ਕੇ ਆਪਣੀ ਸਕੂਟਰੀ 'ਤੇ ਬਿਠਾਉਣ ਦੀ ਕੋਸਿ਼ਸ ਕੀਤੀ ਅਤੇ ਮੇਰਾ ਹੱਥ ਫੜ੍ਹ ਕੇ ਫੋਟੋ ਵੀ ਖਿੱਚ ਲਈ ਅਤੇ ਧਮਕਾਉਣ ਲੱਗਾ। ਕੁੜੀ ਦੇ ਬਿਆਨਾਂ ਮਗਰੋਂ ਪੁਲਸ ਨੇ ਮਾਮਲਾ ਦਰਜ ਕਰਕੇ ਉਪਰੋਕਤ ਲੜਕੇ ਦੀ ਭਾਲ ਸੁਰੂ ਕਰ ਦਿੱਤੀ ਹੈ।

## ਤੁਹਾਡਾ ਲੜਕਾ ਐਕਸੀਡੈਂਟ ਕੇਸ 'ਚ ਫਸ ਗਿਆ ਹੈ, ਵਿਦੇਸ਼ੀ ਨੰਬਰ ਤੋਂ ਆਏ ਫੋਨ ਨੇ ਪਿਤਾ ਦੇ ਉਡਾਏ ਹੋਸ਼

ਭਵਾਨੀਗੜ੍ਹ 1 ਅਕਤੂਬਰ। ਸ਼ਾਤਰ ਠੱਗ ਅੱਜਕਲ੍ਹ ਭੋਲੇ-ਭਾਲੇ ਲੋਕਾਂ ਨੂੰ ਠੱਗਣ ਦੇ ਨਵੇਂ-ਨਵੇਂ ਤਰੀਕੇ ਅਪਣਾ ਰਹੇ ਹਨ ਅਤੇ ਕਈ ਵਾਰ ਲੋਕ ਇਨ੍ਹਾਂ ਦੀਆਂ ਗੱਲਾਂ 'ਚ ਫਸ ਕੇ ਆਪਣੇ ਆਪ ਨੂੰ ਇਨ੍ਹਾਂ ਦਾ ਸ਼ਿਕਾਰ ਬਣਾ ਬੈਠਦੇ ਹਨ। ਅਜਿਹਾ ਹੀ ਇਕ ਮਾਮਲਾ ਭਵਾਨੀਗੜ੍ਹ ਦੇ ਪਿੰਡ ਬਾਲਦ ਕਲਾਂ ਵਿਚ ਉਸ ਸਮੇਂ ਸਾਹਮਣੇ ਆਇਆ ਜਦੋਂ ਵਿਦੇਸੀ ਨੰਬਰ ਤੋਂ ਫੋਨ ਕਾਲ ਕਰਨ ਵਾਲੇ ਇਕ ਸ਼ਾਤਰ ਠੱਗ ਨੇ ਬੜੀ ਚਲਾਕੀ ਨਾਲ ਵਿਅਕਤੀ ਕੋਲੋਂ 45 ਹਜਾਰ ਰੁਪਏ ਠੱਗ ਲਏ। ਹਾਲਾਂਕਿ ਠੱਗੀ ਦਾ ਸ਼ਿਕਾਰ ਹੋਏ ਵਿਅਕਤੀ ਦੀ ਸਿ਼ਕਾਇਤ 'ਤੇ ਪੁਲਸ ਵੱਲੋਂ ਅਣਪਛਾਤੇ ਵਿਅਕਤੀ ਖਿ਼ਲਾਫ ਕੇਸ ਦਰਜ ਕਰ ਲਿਆ ਗਿਆ ਹੈ। ਦਰਅਸਲ ਲਗਭਗ 3 ਮਹੀਨੇ ਪਹਿਲਾਂ ਨੇੜਲੇ ਪਿੰਡ ਬਾਲਦ ਕਲਾਂ ਦੇ ਰਹਿਣ ਵਾਲੇ ਮਨਜੀਤ ਸਿੰਘ ਨੂੰ ਇਕ ਵਿਦੇਸੀ ਨੰਬਰ ਤੋਂ ਫੋਨ ਆਇਆ ਜਿਸ ਵਿਚ ਬੋਲਣ ਵਾਲੇ ਵਿਅਕਤੀ ਨੇ ਮਨਜੀਤ ਸਿੰਘ ਨੂੰ ਕਿਹਾ ਕਿ ਤੁਹਾਡਾ ਲੜਕਾ ਇਕ ਐਕਸੀਡੈਂਟ ਕੇਸ ਵਿਚ ਫਸ ਗਿਆ ਹੈ ਅਤੇ ਜੇਕਰ ਤੁਸੀਂ ਮਾਮਲੇ ਦਾ ਨਿਪਟਾਰਾ ਕਰਨਾ ਚਾਹੁੰਦੇ ਹੋ ਤਾਂ ਮੈਨੂੰ 2 ਲੱਖ ਰੁਪਏ ਟ੍ਰਾਂਸਫਰ ਕਰ ਦਿਓ। ਫੋਨ ਕਰਨ ਵਾਲੇ ਵਿਅਕਤੀ ਦੇ ਕਹਿਣ 'ਤੇ ਮਨਜੀਤ ਸਿੰਘ ਨੇ ਗੂਗਲ ਪੇਅ ਰਾਹੀਂ ਵਿਅਕਤੀ ਦੇ ਖਾਤੇ 'ਚ 45 ਹਜਾਰ ਰੁਪਏ ਟਰਾਂਸਫਰ ਕਰ ਦਿੱਤੇ। ਇਸ ਮਗਰੋਂ ਮਨਜੀਤ ਸਿੰਘ ਨੂੰ ਵਿਅਕਤੀ 'ਤੇ ਕੁੱਝ ਸੱਕ ਪਿਆ ਤੇ ਇਸੇ ਦੌਰਾਨ ਮਨਜੀਤ ਕੋਲ ਆਏ ਉਸਦੇ ਲੜਕੇ ਦੇ ਫੋਨ ਤੋਂ ਬਾਅਦ ਸਥਿਤੀ ਸਪੱਸਟ ਹੋ ਗਈ ਕਿ ਅਜਿਹਾ ਕੋਈ ਮਾਮਲਾ ਹੋਇਆ ਹੀ ਨਹੀਂ। ਇਸ ਉਪਰੰਤ ਮਨਜੀਤ ਸਿੰਘ ਨੂੰ ਅਹਿਸਾਸ ਹੋਇਆ ਕਿ ਉਸ ਨਾਲ ਧੋਖਾ ਹੋਇਆ ਹੈ।

# 50 ਲੱਖ ਰੁਪਏ ਦੀ ਫਿਰੌਤੀ ਨਾ ਦੇਣ ਦੇ ਚੱਲਦਿਆਂ ਚਲਾਈਆਂ ਅੰਨ੍ਹੇਵਾਹ ਗੋਲੀਆਂ, 2 ਜ਼ਖਮੀ

ਤਰਨਤਾਰਨ 1 ਅਕਤੂਬਰ। ਟੈਲੀਕਾਮ ਵਪਾਰੀ ਵੱਲੋਂ ਮੰਗੀ ਗਈ 50 ਲੱਖ ਰੁਪਏ ਦੀ ਫਿਰੌਤੀ ਨਾ ਦੇਣ ਦੇ ਚੱਲਦਿਆਂ ਮੰਗਲਵਾਰ ਸ਼ਾਮ ਦੋ ਅਣਪਛਾਤੇ ਵਿਅਕਤੀਆਂ ਵੱਲੋਂ ਸ਼ਰੇਆਮ ਗੋਲੀਆਂ ਮਾਰਦੇ ਹੋਏ ਮਾਲਕ ਨੂੰ ਜ਼ਖਮੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਦੌਰਾਨ ਫਰਾਰ ਹੋਣ ਸਮੇਂ ਮੁਲਜ਼ਮਾਂ ਵੱਲੋਂ ਕੀਤੀ ਗਈ ਫਾਇਰਿੰਗ ਦੌਰਾਨ ਦੋ ਹੋਰ ਵਿਅਕਤੀ ਵੀ ਜ਼ਖਮੀ ਹੋ ਗਏ ਹਨ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਵਿਖੇ ਭਰਤੀ ਕਰਵਾ ਦਿੱਤਾ ਗਿਆ ਹੈ। ਇਸ ਵਾਰਦਾਤ ਤੋਂ ਬਾਅਦ ਕਸਬਾ ਚੋਹਲਾ ਸਾਹਿਬ ਦੇ ਸਮੂਹ ਦੁਕਾਨਦਾਰਾਂ ਵੱਲੋਂ ਪੁਲਸ ਪ੍ਰਸ਼ਾਸਨ ਖਿਲਾਫ ਰੋਸ ਮੁਜ਼ਾਹਰਾ ਕੀਤਾ ਗਿਆ, ਜਿਸ ਤੋਂ ਬਾਅਦ ਮੌਕੇ 'ਤੇ ਪੁੱਜੇ ਐੱਸ. ਐੱਸ. ਪੀ. ਅਸ਼ਵਨੀ ਕਪੂਰ ਵੱਲੋਂ ਮੁਲਜ਼ਮਾਂ ਨੂੰ ਜਲਦ ਗ੍ਰਿਫਤਾਰ ਕਰਨ ਦੇ ਦਿੱਤੇ ਵਿਸ਼ਵਾਸ ਤੋਂ ਬਾਅਦ ਮਾਹੌਲ ਸ਼ਾਂਤ ਕੀਤਾ ਗਿਆ। ਇਸ ਸਬੰਧੀ ਥਾਣਾ ਚੋਹਲਾ ਸਾਹਿਬ ਦੀ ਪੁਲਸ ਵੱਲੋਂ ਮਾਮਲਾ ਦਰਜ ਕਰ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਵਿੰਦਰ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਚੋਹਲਾ ਸਾਹਿਬ ਜੋ ਬਾਜ਼ਾਰ ਵਿਚ ਪ੍ਰੀਤ ਟੈਲੀਕਾਮ ਦਾ ਕਾਰੋਬਾਰ ਚਲਾਉਂਦਾ ਹੈ ਨੂੰ ਬੀਤੇ ਕੁਝ ਦਿਨ ਪਹਿਲਾਂ ਅੱਤਵਾਦੀ ਲਖਬੀਰ ਸਿੰਘ ਲੰਡਾ, ਸਤਨਾਮ ਸਿੰਘ ਸੱਤਾ ਨੌਸ਼ਹਿਰਾ ਪੰਨੂਆਂ ਵੱਲੋਂ ਫੋਨ ਕਾਲ ਕਰਦੇ ਹੋਏ 50 ਲੱਖ ਰੁਪਏ ਦੀ ਫਿਰੌਤੀ ਮੰਗੀ ਜਾ ਰਹੀ ਸੀ, ਜਿਸ ਸਬੰਧੀ ਦੁਕਾਨ ਮਾਲਕ



ਵੱਲੋਂ ਪੁਲਸ ਨੂੰ ਜਾਣਕਾਰੀ ਵੀ ਦਿੱਤੀ ਗਈ। ਮੰਗਲਵਾਰ ਸ਼ਾਮ ਜਦੋਂ ਦੁਕਾਨ ਮਾਲਕ ਗੁਰਵਿੰਦਰ ਸਿੰਘ ਆਪਣੀ ਦੁਕਾਨ ਵਿਚ ਮੌਜੂਦ ਸੀ ਤਾਂ ਇਕ ਵਿਅਕਤੀ ਵੱਲੋਂ ਦੁਕਾਨ ਅੰਦਰ ਦਾਖਲ ਹੋ ਕੇ ਕੁਝ ਸਾਮਾਨ ਦੀ ਖਰੀਦ ਕਰਨੀ ਸ਼ੁਰੂ ਕਰ ਦਿੱਤੀ ਗਈ। ਇਸ ਦੌਰਾਨ ਮੌਕਾ ਵੇਖਦੇ ਹੀ ਉਸ ਵੱਲੋਂ ਹੱਥ ਵਿਚ ਫੜ੍ਹੇ ਦੇਸੀ ਪਿਸਤੌਲ ਰਾਹੀਂ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ, ਜਿਸ ਦੌਰਾਨ ਗੁਰਵਿੰਦਰ ਸਿੰਘ ਨੂੰ 3 ਗੋਲੀਆਂ ਲੱਗਣ ਨਾਲ ਉਹ ਜ਼ਖਮੀ ਹੋ ਗਿਆ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਹਮਲਾਵਰ ਦੁਕਾਨ ਤੋਂ ਬਾਹਰ ਜਾਂਦੇ ਸਮੇਂ ਫਾਇਰਿੰਗ ਕਰਨ ਲੱਗ ਪਿਆ, ਜਿਸ ਦੇ ਚੱਲਦਿਆਂ ਸਤਨਾਮ ਸਿੰਘ ਪੁੱਤਰ ਰਘਬੀਰ ਸਿੰਘ ਵਾਸੀ ਚੋਹਲਾ ਸਾਹਿਬ ਦੀ ਲੱਤ 'ਚ ਇਕ ਗੋਲੀ ਲੱਗ ਗਈ ਜਦਕਿ ਦੁਕਾਨ ਉਪਰ ਕੰਮ ਕਰਨ ਵਾਲੇ ਕਰਮਚਾਰੀ ਸੋਨੂ ਵਰਮਾ ਵੀ ਮਮੂਲੀ ਜ਼ਖਮੀ ਹੋ ਗਿਆ। ਇਸ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਹਮਲਾਵਰ ਆਪਣੇ ਦੂਸਰੇ ਸਾਥੀ ਨਾਲ ਮੋਟਰਸਾਈਕਲ ਉਪਰ ਬੈਠ ਮੌਕੇ ਤੋਂ ਫਰਾਰ ਹੋ ਗਏ। ਇਸ ਵਾਰਦਾਤ ਤੋਂ ਨਿਰਾਸ਼ ਦੁਕਾਨਦਾਰਾਂ ਵੱਲੋਂ ਪੁਲਸ ਪ੍ਰਸ਼ਾਸਨ ਖਿਲਾਫ ਜ਼ੋਰਦਾਰ ਰੋਸ ਪ੍ਰਦਰਸ਼ਨ ਕਰਦੇ ਹੋਏ ਨਾਅਰੇਬਾਜ਼ੀ ਕੀਤੀ ਗਈ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਮੌਕੇ 'ਤੇ ਪੁੱਜੇ ਐੱਸ. ਐੱਸ. ਪੀ. ਅਸ਼ਵਨੀ ਕਪੂਰ, ਡੀ. ਐੱਸ. ਪੀ. ਰਵੀ ਸ਼ੇਰ ਸਿੰਘ, ਥਾਣਾ ਚੋਹਲਾ ਸਾਹਿਬ ਮੁਖੀ ਰਾਜ ਕੁਮਾਰ ਤੋਂ ਇਲਾਵਾ ਹੋਰ ਪੁਲਸ ਕਰਮਚਾਰੀਆਂ ਵੱਲੋਂ ਦੁਕਾਨ ਵਿਚ ਲੱਗੇ ਸੀ. ਸੀ. ਟੀ. ਵੀ. ਕੈਮਰੇ ਨੂੰ ਕਬਜ਼ੇ 'ਚ ਲੈਂਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਐੱਸ. ਐੱਸ. ਪੀ. ਅਸ਼ਵਨੀ ਕਪੂਰ ਵੱਲੋਂ ਦੁਕਾਨਦਾਰਾਂ ਨੂੰ ਵਿਸ਼ਵਾਸ ਦਵਾਇਆ ਗਿਆ ਕਿ ਹਮਲਾਵਰਾਂ ਨੂੰ ਜਲਦ ਗ੍ਰਿਫਤਾਰ ਕੀਤਾ ਜਾਵੇਗਾ।

## ਕੰਢੀ ਕਨਾਲ ਨਹਿਰ 'ਚ ਡੁੱਬਣ ਕਾਰਨ 24 ਸਾਲਾ ਨੌਜਵਾਨ ਦੀ ਮੌਤ

ਗੜ੍ਹਦੀਵਾਲਾ 1 ਅਕਤੂਬਰ। ਪਿੰਡ ਪੰਡੋਰੀ ਅਟਵਾਲ ਦੇ ਇਕ 24 ਸਾਲਾ ਨੌਜਵਾਨ ਦੀ ਕੰਢੀ ਕਨਾਲ ਨਹਿਰ ਵਿੱਚ ਡੁੱਬਣ ਕਾਰਨ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਪਛਾਣ ਭੁਪਿੰਦਰ ਕੁਮਾਰ ਪੁੱਤਰ ਸਕਤੀ ਕੁਮਾਰ ਵਾਸੀ ਪੰਡੋਰੀ ਅਟਵਾਲ ਵਜੋਂ ਹੋਈ ਹੈ। ਇਸ ਸਬੰਧੀ ਸਕਤੀ ਕੁਮਾਰ ਪੁੱਤਰ ਮਦਨ ਲਾਲ ਵਾਸੀ ਪੰਡੋਰੀ ਅਟਵਾਲ ਨੇ ਪੁਲਸ ਚੌਂਕੀ ਭੂੰਗਾ ਵਿਖੇ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਉਸ ਦਾ ਲੜਕਾ ਭੁਪਿੰਦਰ ਕੁਮਾਰ ਜੇ ਟਰੈਕਟਰ ਮਕੈਨਿਕ ਦਾ ਕਮ ਕਰਦਾ ਸੀ ਅਤੇ ਉਸ ਨੇ ਪਿੰਡ ਵਿਚ ਹੀ ਦੁਕਾਨ ਪਾਈ ਹੋਈ ਸੀ। ਬੀਤੀ ਸਾਮ ਉਸ ਦਾ ਲੜਕਾ ਪਿੰਡ ਟੈਟਪਾਲ ਲਾਗੇ ਨਹਿਰ ਦੇ ਕੰਢੇ-ਕੰਢੇ ਸੈਰ ਕਰਨ ਗਿਆ ਸੀ। ਨਹਿਰ ਦੇ ਕੰਢੇ ਸੈਰ ਕਰਦੇ ਅਚਾਨਕ ਉਸ ਦਾ ਪੈਰ ਫਿਸਲ ਗਿਆ ਅਤੇ ਉਸ ਦਾ ਲੜਕਾ ਨਹਿਰ ਦੇ ਵਿੱਚ ਵਗਦੇ ਪਾਣੀ ਵਿੱਚ ਡਿੱਗ ਪਿਆ। ਜਿਸ ਦੀ ਪਾਣੀ ਵਿਚ ਡੁੱਬਣ ਨਾਲ ਮੌਤ ਹੋ ਗਈ। ਨਹਿਰ ਵਿੱਚ ਪਾਣੀ ਜਿ਼ਆਦਾ ਹੋਣ ਕਰਕੇ



ਰਾਤ ਉਸ ਦੇ ਲੜਕੇ ਦੀ ਲਾਸ਼ ਨਹੀਂ ਮਿਲੀ। ਅੱਜ ਅਟਵਾਲ ਵਜੋਂ ਹੋਈ ਹੈ। ਇਸ ਸਬੰਧੀ ਸਕਤੀ ਕੁਮਾਰ ਪੁੱਤਰ ਮਦਨ ਲਾਲ ਵਾਸੀ ਪੰਡੋਰੀ ਅਟਵਾਲ ਨੇ ਪੁਲਸ ਚੌਂਕੀ ਭੂੰਗਾ ਵਿਖੇ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਉਸ ਦਾ ਲੜਕਾ ਭੁਪਿੰਦਰ ਕੁਮਾਰ ਜੇ ਟਰੈਕਟਰ ਮਕੈਨਿਕ ਦਾ ਕਮ ਕਰਦਾ ਸੀ ਅਤੇ ਉਸ ਨੇ ਪਿੰਡ ਵਿਚ ਹੀਬੁੱਧਵਾਰ ਸਵੇਰੇ ਅਸੀਂ ਨਹਿਰ ਦੇ ਪਾਣੀ ਨੂੰ ਬੰਦ ਕਰਾ ਕੇ ਅਸੀਂ ਭੁਪਿੰਦਰ ਕੁਮਾਰ ਦੀ ਲਾਸ਼ ਨੂੰ ਪਾਣੀ ਵਿਚੋਂ ਬਾਹਰ ਕੱਢ ਕੇ ਸਿਵਲ ਹਸਪਤਾਲ ਹੁਸਿ਼ਆਰਪੁਰ ਵਿੱਚ ਰੱਖਵਾ ਦਿਤਾ ਸੀ। ਇਹ ਹਾਦਸਾ ਕੁਦਰਤੀ ਅਤੇ ਅਚਾਨਕ ਪੈਰ ਫਿਸਲਣ ਕਰਕੇ ਵਾਪਰਿਆ ਹੈ। ਇਸ ਮੌਕੇ ਪੁਲਸ ਚੌਂਕੀ ਭੂੰਗਾ ਵੱਲੋਂ ਮ੍ਰਿਤਕ ਦੇ ਪਰਿਵਾਰ ਦੇ ਬਿਆਨਾਂ 'ਤੇ 174 ਦੀ ਕਾਰਵਾਈ ਕਰਕੇ ਅਗਲੇਰੀ ਤਫਤੀਸ਼ ਆਰੰਭ ਕਰ ਦਿੱਤੀ ਗਈ।

## ਜਲੰਧਰ ਲੋਕ ਸਭਾ ਜਿਮਨੀ ਚੋਣ ਵਿਚ ਨੀਟੂ ਸ਼ਟਰਾਂਵਾਲੇ ਨੇ ਤੋੜੇ ਰਿਕਾਰਡ, ਪਈਆਂ ਰਿਕਾਰਡ ਵੋਟਾਂ

ਜਲੰਧਰ 1 ਅਕਤੂਬਰ। ਜਲੰਧਰ ਲੋਕ ਸਭਾ ਜਿ਼ਮਨੀ ਚੋਣ ਵਿਚ ਆਮ ਆਦਮੀ ਪਾਰਟੀ ਨੇ ਭਾਵੇਂ ਵੱਡੀ ਜਿੱਤ ਹਾਸਲ ਕੀਤੀ ਹੈ ਪਰ ਆਜਾਦ ਉਮੀਦਵਾਰ ਦੇ ਤੌਰ 'ਤੇ ਮੈਦਾਨ ਵਿਚ ਉਤਰੇ ਨੀਟੂ ਸ਼ਟਰਾਂਵਾਲੇ ਨੂੰ ਵੀ ਇਸ ਵਾਰ ਕਾਫੀ ਵੋਟਾਂ ਹਾਸਲ ਹੋਈਆਂ ਹਨ। ਨੀਟੂ ਸ਼ਰਟਾਂਵਾਲੇ ਨੂੰ 4599 ਲੋਕਾਂ ਨੇ ਵੋਟ ਕੀਤੀ। ਇਹ ਵੋਟਾਂ ਨੀਟੂ ਦੇ ਚੋਣ ਇਤਿਹਾਸ ਦੀਆਂ ਹੁਣ ਤਕ ਦੀਆਂ ਸਭ ਤੋਂ ਵੱਧ ਵੋਟਾਂ ਹਨ। ਉਂਝ ਜਲੰਧਰ ਜਿ਼ਮਨੀ ਚੋਣ ਵਿਚ ਕੁੱਲ 8 ਉਮੀਦਵਾਰ ਆਜਾਦ ਤੌਰ 'ਤੇ ਚੋਣ ਮੈਦਾਨ ਵਿਚ ਉਤਰੇ ਸਨ, ਜਿਨ੍ਹਾਂ ਵਿਚ ਨੀਟੂ ਸ਼ਟਰਾਂਵਾਲੇ ਨੂੰ ਸਭ ਤੋਂ ਵੱਧ 4599 ਵੋਟਾਂ ਮਿਲੀਆਂ ਹਨ। ਇਸ ਤੋਂ ਇਲਾਵਾ 6656 ਵੋਟਰਾਂ ਨੇ ਨੋਟਾ ਵਾਲੇ ਬਟਨ ਦੀ ਵਰਤੋਂ ਕੀਤੀ ਹੈ। ਚੋਣ ਨਤੀਜੇ ਦੇਖ ਕੇ ਨੀਟੂ ਸ਼ਟਰਾਂਵਾਲਾ ਫਿਰ ਰੋ ਪਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਨੀਟੂ ਨੇ ਕਿਹਾ ਕਿ ਉਹ ਵੋਟਰਾਂ ਤੋਂ ਬਹੁਤ ਖੁਸ਼ ਹੈ। ਉਸ ਨੇ ਕਿਹਾ ਕਿ ਇਸ ਵਾਰ ਲੋਕਾਂ ਵਲੋਂ ਮਿਲੇ ਹੁੰਗਾਰੇ ਤੋਂ ਬੜੀ ਖੁਸ਼ੀ ਮਿਲੀ ਹੈ, ਚੱਲੋ ਇਸ ਵਾਰ ਬਦਲਾਅ ਤਾਂ ਆਵੇਗਾ। ਇਸ ਵਾਰ ਨਾ ਜਿੱਤਾਂਗੇ ਤਾਂ ਅਗਲੀ ਵਾਰ ਹੀ ਸਹੀ। ਨੀਟੂ ਨੇ ਕਿਹਾ ਕਿ 2024 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਪੰਜਾਬ ਦੀਆਂ 13 ਦੀਆਂ 13 ਸੀਟਾਂ 'ਤੇ ਘਰ ਦੇ ਜਿੰਨੇ ਵੀ ਮੈਂਬਰ ਹਨ, ਆਜਾਦ ਤੌਰ 'ਤੇ ਉਤਾਰੇ ਜਾਣਗੇ। ਪੂਰੇ ਪੰਜਾਬ ਵਿਚ ਸਾਰੇ ਮੈਂਬਰ ਖੜ੍ਹੇ ਕਰਾਂਗੇ।

### ਲੋਕ ਸਭਾ ਚੋਣ ਲੜਣ ਵਾਲੇ ਉਮੀਦਵਾਰ 'ਤੇ ਜਾਨਲੇਵਾ ਹਮਲਾ ! ਭੋਗ ਤੋਂ ਪਰਤਦੇ ਨੂੰ ਘੇਰ ਕੇ ਕੁੱਟਿਆ

ਲੁਧਿਆਣਾ 1 ਅਕਤੂਬਰ। ਪਿਛਲੇ ਦਿਨੀਂ ਲੁਧਿਆਣਾ ਲੋਕ ਸਭਾ ਹਲਕਾ ਤੋਂ ਚੋਣ ਲੜਨ ਵਾਲੇ ਅਤੇ ਪਿੰਡ ਦੇ ਸਾਬਕਾ ਸਰਪੰਚ 'ਤੇ ਜਾਨਲੇਵਾ ਹਮਲਾ ਕਰਨ ਵਾਲਿਆਂ ਖਿ਼ਲਾਫ ਥਾਣਾ ਸਾਹਨੇਵਾਲ ਦੀ ਪੁਲਸ ਨੇ ਮਾਮਲਾ ਦਰਜ ਕਰ ਲਿਆ ਹੈ। ਪੁਰਾਣੀ ਰੰਜਿ਼ਸ ਦੇ ਚਲਦੇ ਪਿੰਡ ਦੇ ਕੁਝ ਵਿਅਕਤੀਆਂ ਨੇ ਪਿੰਡ ਉਮੈਦਪੁਰ ਦੇ ਸਾਬਕਾ ਸਰਪੰਚ ਅਮਨਦੀਪ ਸਿੰਘ 'ਤੇ ਜਾਨਲੇਵਾ ਹਮਲਾ ਕਰ ਦਿੱਤਾ। ਗੰਭੀਰ ਰੂਪ 'ਚ ਜਖਮੀ ਹੋਏ ਸਾਬਕਾ ਸਰਪੰਚ ਨੂੰ ਲੁਧਿਆਣਾ ਦੇ ਡੀ. ਐੱਮ. ਸੀ. ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਘਟਨਾ ਸਬੰਧੀ ਥਾਣਾ ਸਾਹਨੇਵਾਲ ਪੁਲਸ ਨੂੰ ਅਮਨਦੀਪ ਸਿੰਘ ਨੇ ਦੱਸਿਆ ਕਿ ਪਿੰਡ 'ਚ ਗੁਰਦੁਆਰਾ ਸਾਹਿਬ 'ਚ ਭੋਗ ਅਟੈਂਡ ਕਰਕੇ ਵਾਪਸ ਪੈਦਲ ਆਪਣੇ ਘਰ ਆ ਰਿਹਾ ਸੀ। ਇਸ ਦੌਰਾਨ ਜਦੋਂ ਮੈਂ ਸੰਪੂਰਨ ਦਾਸ ਦੇ ਘਰ ਕੋਲ ਪਹੁੰਚਿਆ ਤਾਂ ਪਿੱਛੋਂ ਅਸੋਕ ਕੁਮਾਰ, ਰਾਜੇਸ ਕੁਮਾਰ, ਰੁੱਤਵੀਰ ਸਿੰਘ, ਗੁਰਪ੍ਰੀਤ ਸਿੰਘ, ਸੁਭਮ ਉਰਫ ਸੁੱਭ ਕੁਝ ਅਣਪਛਾਤੇ ਨੌਜਵਾਨਾਂ ਨੇ ਉਸ 'ਤੇ ਲੋਹੇ ਦੀ ਰਾਡ, ਡੰਡੇ ਅਤੇ ਗਰਾਰੀਆਂ ਨਾਲ ਜਾਨਲੇਵਾ ਹਮਲਾ ਕਰ ਦਿੱਤਾ। ਉਸ ਨੇ ਦੱਸਿਆ ਕਿ ਉਕਤ ਵਿਅਕਤੀਆਂ ਨੇ ਉਸ ਨੂੰ ਮਾਰ ਦੇਣ ਦੀ ਨੀਅਤ ਨਾਲ ਲਲਕਾਰੇ ਮਾਰ ਕੇ ਕੁੱਟਿਆ ਅਤੇ ਜਦੋਂ ਉਸ ਨੇ ਰੌਲਾ ਪਾਇਆ ਤਾਂ ਪਿੰਡ ਦੇ ਲੋਕਾਂ ਨੂੰ ਇਕੱਠਾ ਹੁੰਦੇ ਦੇਖ ਮੌਕੇ ਤੋਂ ਫਰਾਰ ਹੋ ਗਏ। ਉਸ ਨੂੰ ਉਸ ਦੇ ਘਰਦਿਆਂ ਨੇ ਚੁੱਕ ਕੇ ਹਸਪਤਾਲ ਭਰਤੀ ਕਰਵਾਇਆ। ਇਸ ਸਬੰਧ ਥਾਣਾ ਸਾਹਨੇਵਾਲ ਦੇ ਤਫਤੀਸੀ ਅਫਸਰ ਨਾਲ ਗੱਲ ਕੀਤੀ ਗਈ ਤਾਂ ਉਸ ਨੇ ਕਿਹਾ ਕਿ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ। ਪੁਲਸ ਛਾਪੇਮਾਰੀ ਕਰ ਰਹੀ ਹੈ।

### ਨਹਿਰ 'ਚ ਲਾਲ ਚੂੜੇ ਵਾਲੀ ਕੁੜੀ ਦੀ ਲਾਸ਼ ਦੇਖ ਕੰਬ ਗਏ ਲੋਕ

ਅਹਿਮਦਗੜ੍ਹ ਮੰਡੀ 1 ਅਕਤੂਬਰ। ਅਹਿਮਦਗੜ੍ਹ ਮੰਡੀ ਦੇ ਨਾਲ ਲੱਗਦੇ ਪਿੰਡ ਜਗੇੜਾ ਦੀ ਨਹਿਰ ਵਿਚ ਇਕ ਨੌਜਵਾਨ ਕੁੜੀ ਦੀ ਲਾਸ਼ ਮਿਲਣ ਨਾਲ ਸਨਸਨੀ ਫੈਲ ਗਈ। ਕੁੜੀ ਦੀ ਉਮਰ 25 ਸਾਲ ਜਾਪ ਰਹੀ ਹੈ, ਜਿਸ ਦੇ ਬਾਹਾਂ ਵਿਚ ਲਾਲ ਚੂੜਾ ਪਾਇਆ ਹੋਇਆ ਹੈ। ਲਾਲ ਚੂੜੇ ਵਾਲੀ ਕੁੜੀ ਦੀ ਲਾਸ਼ ਨਹਿਰ ਵਿਚ ਦੇਖ ਕੇ ਲੋਕਾਂ ਵਿਚ ਸਨਸਨੀ ਫੈਲ ਗਈ। ਜਿਸ ਤੋਂ ਬਾਅਦ ਲੋਕਾਂ ਵੱਲੋਂ ਤੁਰੰਤ ਪੁਲਸ ਨੂੰ ਸੂਚਿਤ ਕੀਤਾ ਗਿਆ ਹੈ। ਲਾਸ਼ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਸ ਦੀ ਟੀਮ ਵੀ ਮੌਕੇ 'ਤੇ ਪਹੁੰਚ ਗਈ ਅਤੇ ਜਾਂਚ ਸ਼ੁਰੂ ਕਰ ਦਿੱਤੀ। ਇਸ ਦੌਰਾਨ ਲੋਕਾਂ ਨੇ ਰੋਸ ਜਾਹਰ ਕਰਦਿਆਂ ਕਿਹਾ ਕਿ ਨਹਿਰੀ ਵਿਭਾਗ ਦੇ ਮੁਲਜਮ ਡੰਡਿਆਂ ਨਾਲ ਜਬਰਦਸਤੀ ਕੱਢ ਰਹੇ ਸਨ। ਦੂਜੇ ਪਾਸੇ ਪੁਲਸ ਮੁਲਾਜਮਾਂ ਦਾ ਕਹਿਣਾ ਹੈ ਕਿ ਲਾਸ਼ ਨੂੰ ਬਾਹਰ ਕਢਵਾ ਕੇ ਪੋਸਟਮਾਰਟਮ ਤੋਂ ਬਾਅਦ ਸ਼ਨਾਖਤ ਲਈ ਮੋਰਚਰੀ ਵਿਚ ਰਖਵਾਇਆ ਜਾ ਰਿਹਾ ਹੈ ਅਤੇ ਜਾਂਚ ਜਾਰੀ ਹੈ।

### ਵੱਡੀ ਵਾਰਦਾਤ ਨਾਲ ਕੰਬਿਆ ਪੰਜਾਬ, ਪੈਟਰੋਲ ਪੰਪ 'ਤੇ ਟਰੱਕ ਡਰਾਈਵਰ ਦਾ ਗੋਲੀਆਂ ਮਾਰ ਕੇ ਕਤਲ

ਤਰਨਤਾਰਨ/ਪੱਟੀ 1 ਅਕਤੂਬਰ। ਪੱਟੀ ਵਿਖੇ ਵੱਡੀ ਵਾਰਦਾਤ ਦਾ ਮਾਮਲਾ ਸਾਹਮਣੇ ਆਇਆ ਹੈ। ਜਿਥੇ ਟਰੱਕ ਡਰਾਈਵਰ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਜਾਣਕਾਰੀ ਮੁਤਾਬਕ ਰਾਤ ਕਰੀਬ 12:30 ਵਜੇ ਟਰੱਕ ਡਰਾਈਵਰ ਪੈਟਰੋਲ ਪੰਪ 'ਤੇ ਤੇਲ ਪਵਾਉਣ ਲਈ ਆਇਆ ਸੀ ਤਾਂ ਇਸ ਦੌਰਾਨ ਉਸ ਦਾ ਅਣਪਛਾਤੇ ਵਿਅਕਤੀਆਂ ਨਾਲ ਝਗੜਾ ਹੋ ਗਿਆ। ਜਿਸ 'ਤੇ ਅਣਪਛਾਤਿਆਂ ਨੇ ਟਰੱਕ ਡਰਾਈਵਰ ਦੇ ਗੋਲੀਆਂ ਮਾਰ ਦਿੱਤੀਆਂ।

# 7 ਸਾਲਾ ਬੱਚੇ ਦੀ ਭੇਤਭਰੀ ਹਾਲਤ 'ਚ ਮਿਲੀ ਲਾਸ਼

ਨਿਹਾਲ ਸਿੰਘ ਵਾਲਾ 1 ਅਕਤੂਬਰ। ਥਾਣਾ ਨਿਹਾਲ ਸਿੰਘ ਵਾਲਾ ਦੇ ਪਿੰਡ ਲੁਹਾਰਾ ਵਿਖੇ ਉਸ ਸਮੇਂ ਸਨਸਨੀ ਫੈਲ ਗਈ ਜਦੋਂ ਇੱਕ 7 ਸਾਲਾ ਮੁੰਡੇ ਦੀ ਲਾਸ ਪਿੰਡ ਵਿੱਚੋਂ ਭੇਦ ਭਰੀ ਹਾਲਤ ਵਿੱਚ ਮਿਲੀ। ਮ੍ਰਿਤਕ ਸੁਖਮਨ ਸਿੰਘ ਪੁੱਤਰ ਸਵ. ਬਲਦੇਵ ਸਿੰਘ ਵਾਸੀ ਲੁਹਾਰਾ ਪਿੰਡ ਬਖਤਗੜ੍ਹ ਵਿਖੇ ਆਪਣੀ ਮਾਂ ਨਾਲ ਰਹਿੰਦਾ ਸੀ। ਪਰ ਉਸ ਦੀ ਲਾਸ਼ ਪਿੰਡ ਲੁਹਾਰਾ ਤੋਂ ਮਿਲਣ ਨਾਲ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਹੋ ਗਏ ਹਨ। ਹਰਦੀਪ ਸਿੰਘ ਪਿੰਡ ਲੁਹਾਰਾ ਨੇ ਪੁਲਸ ਨੂੰ ਦਿੱਤੇ ਬਿਆਨ ਵਿੱਚ ਦੱਸਿਆ ਕਿ ਜਦ ਉਹ ਆਪਣੇ ਖੇਤ ਫਸਲ ਨੂੰ ਪਾਣੀ ਲਾਉਣ ਲਈ ਜਾ ਰਿਹਾ ਸੀ ਤਾਂ ਉਸ ਨੇ ਬੱਚੇ ਦੀ ਲਾਸ਼ ਭੇਤਭਰੀ ਹਾਲਤ ਵਿੱਚ ਦੇਖੀ, ਜਿਸ ਦੀ ਜਾਣਕਾਰੀ ਉਸ ਨੇ ਪਿੰਡ ਦੇ ਮੋਹਤਬਰ ਵਿਅਕਤੀਆਂ ਨੂੰ ਦਿੱਤੀ। ਘਟਨਾ ਦਾ ਪਤਾ ਲੱਗਦਿਆਂ ਹੀ ਡੀ.ਐੱਸ.ਪੀ. ਨਿਹਾਲ ਸਿੰਘ ਵਾਲਾ ਪਰਮਜੀਤ ਸਿੰਘ, ਥਾਣਾ ਨਿਹਾਲ ਸਿੰਘ ਵਾਲਾ ਦੇ ਮੁੱਖ ਅਫਸਰ ਅਮਰਜੀਤ ਸਿੰਘ ਅਤੇ ਸਹਾਇਕ ਥਾਣੇ ਦਾ ਲਖਵਿੰਦਰ ਸਿੰਘ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚ ਗਏ ਤੇ ਮ੍ਰਿਤਕ 7 ਸਾਲਾ ਸੁਖਮਨ ਸਿੰਘ ਦੀ ਲਾਸ਼ ਨੂੰ ਆਪਣੇ ਕਬਜੇ ਵਿੱਚ ਲੈ ਲਿਆ ਹੈ। ਪਤਾ ਲੱਗਾ ਹੈ ਕਿ ਲੜਕੇ ਦੇ ਪਿਤਾ ਬਲਦੇਵ ਸਿੰਘ ਦੀ ਕੁਝ ਸਮਾਂ ਪਹਿਲਾਂ ਮੌਤ ਹੋ ਚੁੱਕੀ ਹੈ,



ਜਿਸ ਤੋਂ ਬਾਅਦ ਸੁਖਮਨ ਸਿੰਘ ਦੀ ਮਾਤਾ ਆਪਣੇ ਬੱਚੇ ਸਮੇਤ ਲੁਹਾਰੇ ਤੋਂ ਚਲੀ ਗਈ ਸੀ ਵਿਖੇ ਆਪਣੀ ਮਾਂ ਨਾਲ ਰਹਿੰਦਾ ਸੀ। ਪਰ ਉਸ ਦੀ ਲਾਸ਼ ਪਿੰਡ ਲੁਹਾਰਾ ਤੋਂ ਮਿਲਣ ਨਾਲ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਹੋ ਗਏ ਹਨ। ਹਰਦੀਪ ਸਿੰਘ ਪਿੰਡ ਲੁਹਾਰਾ ਨੇ ਪੁਲਸ ਨੂੰ ਦਿੱਤੇ ਬਿਆਨ ਵਿੱਚ ਦੱਸਿਆ ਕਿ ਜਦ ਉਹ ਆਪਣੇ ਖੇਤ ਫਸਲ ਨੂੰ ਪਾਣੀ ਲਾਉਣ ਲਈ ਜਾ ਰਿਹਾ ਸੀ ਤਾਂ ਉਸ ਨੇ ਬੱਚੇ ਦੀ ਲਾਸ਼ ਭੇਤਭਰੀ ਹਾਲਤ ਵਿੱਚ ਦੇਖੀ, ਜਿਸ ਦੀ ਜਾਣਕਾਰੀ ਉਸ ਨੇ ਪਿੰਡ ਦੇ ਮੋਹਤਬਰ ਵਿਅਕਤੀਆਂ ਨੂੰ ਦਿੱਤੀ। ਘਟਨਾ ਦਾ ਪਤਾ ਲੱਗਦਿਆਂ ਹੀ ਡੀ.ਐੱਸ.ਪੀ. ਨਿਹਾਲ ਸਿੰਘ ਵਾਲਾ ਪਰਮਜੀਤ ਸਿੰਘ, ਥਾਣਾ ਨਿਹਾਲ ਸਿੰਘ ਵਾਲਾ ਅਤੇ ਪਿੰਡ ਬਖਤਗੜ੍ਹ ਵਿਖੇ ਰਹਿਣ ਲੱਗ ਗਈ ਸੀ। ਅਚਾਨਕ ਇਸ ਲੜਕੇ ਦੀ ਪਿੰਡ ਲੁਹਾਰਾ ਤੋਂ ਮ੍ਰਿਤਕ ਦੇਹ ਮਿਲਣ ਕਾਰਨ ਪਿੰਡ ਵਿੱਚ ਸਨਸਨੀ ਫੈਲ ਗਈ ਹੈ। ਪੁਲਸ ਨੇ ਦੱਸਿਆ ਕਿ ਮ੍ਰਿਤਕ ਦੀ ਲਾਸ਼ ਦਾ ਪੋਸਟਮਾਸਟਮ ਕਰਵਾ ਕੇ ਇਸ ਘਟਨਾ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।


**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose



**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma



**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

GOVT. OF PUNJAB

Punjab Land of Unlimited Opportunities

# "ਖ਼ੁਦ ਉਹ ਬਦਲਾਅ ਬਣੋ ਜੋ ਤੁਸੀਂ ਦੁਨੀਆਂ ਵਿੱਚ ਦੇਖਣਾ ਚਾਹੁੰਦੇ ਹੋ"

–ਮਹਾਤਮਾ ਗਾਂਧੀ



## ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਦੀ 155ਵੀਂ ਜਨਮ ਵਰ੍ਹੇਗੰਢ ਮੌਕੇ ਉਹਨਾਂ ਨੂੰ ਕੋਟਿ-ਕੋਟਿ ਪ੍ਰਣਾਮ

"ਗਾਂਧੀ ਜੀ ਦਾ ਸੁਪਨਾ ਸੀ, ਇੱਕ ਅਜਿਹੇ ਦੇਸ਼ ਦਾ ਜਿੱਥੇ ਹਰ ਬੱਚੇ ਨੂੰ ਚੰਗੀ ਸਿੱਖਿਆ ਮਿਲੇ, ਹਰ ਬੀਮਾਰ ਨੂੰ ਬਿਹਤਰ ਇਲਾਜ ਮਿਲੇ, ਸਾਰੇ ਧਰਮਾਂ ਅਤੇ ਜਾਤਾਂ ਦੇ ਲੋਕ ਭਾਈਚਾਰਕ ਸਾਂਝ ਨਾਲ ਰਹਿਣ। ਅਸੀਂ ਗਾਂਧੀ ਜੀ ਦੇ ਇਹਨਾਂ ਸੁਪਨਿਆਂ ਨੂੰ ਸਾਕਾਰ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹਾਂ।"



**ਭਗਵੰਤ ਸਿੰਘ ਮਾਨ**
ਮੁੱਖ ਮੰਤਰੀ, ਪੰਜਾਬ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

*ਰੁੱਖ ਨੇ ਮਨੁੱਖ ਨਾਲ ਮਨ ਦਾ ਭਾਰ ਹੌਲਾ ਕਰਦਿਆਂ ਦੱਸਿਆ ਕਿ ਉਹ ਮਨੁੱਖ ਲਈ ਦਾਤਾਂ ਪੈਦਾ ਕਰਦੇ ਹਨ ਪਰ ਮਨੁੱਖ ਉਨ੍ਹਾਂ ਦਾ ਲਗਾਤਾਰ ਘਾਣ ਕਰ ਰਿਹਾ ਹੈ। ਮਨੁੱਖ ਨੇ ਰੁੱਖ ਦੀ ਗੱਲ ਸੁਣ ਕੇ ਵੱਧ ਤੋਂ ਵੱਧ ਰੁੱਖ ਲਗਾਉਣ ਦਾ ਉਸ ਨਾਲ ਵਾਅਦਾ ਕੀਤਾ...*



# ਰੁੱਖ ਦੀਆਂ ਮਨੁੱਖ ਨਾਲ ਦੋ ਗੱਲਾਂ

• ਡਾ. ਰਿਪੁਦਮਨ ਸਿੰਘ

ਮਨੁੱਖ ਸੜਕ ਕਿਨਾਰੇ ਤੁਰਿਆ ਜਾ ਰਿਹਾ ਸੀ। ਠੰਡੀ ਹਵਾ ਚੱਲ ਰਹੀ ਸੀ। ਬੇਚਾਰਾ ਥੱਕ ਗਿਆ ਤਾਂ ਸੰਘਣੀ ਛਾਂ ਵੇਖ ਕੇ ਇਕ ਰੁੱਖ ਹੇਠ ਬੈਠ ਗਿਆ। ਕਦੋਂ ਅੱਖ ਲੱਗ ਗਈ ਪਤਾ ਹੀ ਨਾ ਚੱਲਿਆ। ਅਮੀਰ ਬੰਦਾ ਸੀ ਹਰ ਸਾਹ ਏਸੀ ਵਿਚ ਲੈਂਦਾ ਸੀ ਪਰ ਅੱਜ ਹੜਤਾਲ ਕਾਰਣ ਕਾਰਾਂ-ਬੱਸ ਸਭ ਠੱਪ ਸਨ। ਘਣੀ ਛਾਂ ਵਾਲੇ ਨਿੰਮ ਦੇ ਰੁੱਖ ਨੇ ਨੇੜਲੇ ਰੁੱਖ ਨੂੰ ਆਖਿਆ 'ਸੁੱਤਾ ਪਿਆ ਲਗਦਾ ਹੈ।' ਨਿੰਮ ਦਾ ਰੁੱਖ ਬੋਲਿਆ, 'ਜਦੋਂ ਜਾਗੂ ਗੱਲ ਕਰਾਂਗੇ ਬੇਚਾਰੇ ਨਾਲ, ਬੜੇ ਦਿਨਾਂ ਬਾਅਦ ਕੋਈ ਸਾਡੀ ਛਾਂ ਹੇਠ ਆਇਆ ਹੈ।'

ਠੰਡੀ ਹਵਾ ਤੇ ਸੰਘਣੀ ਛਾਂ ਨੇ ਬੰਦੇ ਨੂੰ ਸੁਰਗ ਦੇ ਝੂਟੇ ਲਿਆ ਦਿੱਤੇ। ਅਚਾਨਕ ਟ੍ਰੈਕਟਰ ਦੀ ਗੜਗੜਾਹਟ ਨੇ ਨੀਂਦ ਤੋੜ ਦਿਤੀ। ਬੰਦਾ ਉੱਠ ਕੇ ਤੁਰਨ ਲੱਗਾ ਤਾਂ ਨਿੰਮ ਦਾ ਰੁੱਖ ਬੋਲਿਆ, 'ਬਾਈ ਮਿੰਟ ਦੋ ਮਿੰਟ ਹੋਰ ਬੈਠ...ਗੱਲਾਂ ਕਰੀਏ।'

ਰੁੱਖ ਬੋਲਿਆ, 'ਕਿਹੋ ਜਿਹਾ ਲੱਗਾ ਮੇਰੇ ਨਾਲ ਘੰਟੇ ਦੋ ਘੰਟੇ ਦਾ ਸਮਾਂ?' ਬੰਦਾ ਬੋਲਿਆ, 'ਪਤਾ ਹੀ ਨਹੀ ਲੱਗਿਆ ਕਦੋਂ ਬੀਤ ਗਿਆ ਇਹ ਟਾਇਮ, ਪਹਿਲੀ ਵਾਰ ਮੈਂ ਏਨੀ ਗੂੜ੍ਹੀ ਨੀਂਦ ਲਈ, ਏਨੀ ਤਾਂ ਮੈਨੂੰ ਆਪਣੇ ਏਸੀ ਕਮਰੇ ਵਿਚ ਨਹੀਂ ਆਉਂਦੀ।'

ਆਲੇ ਦੁਆਲੇ ਦੇ ਰੁੱਖ ਕਹਿਣ ਲੱਗੇ, 'ਮਿੱਤਰਾ ਹਾਲੇ ਤਾਂ ਤੂੰ ਸਾਡੀ ਛਾਂ ਦੀ ਠੰਡਕ ਮਾਣੀ ਹੈ। ਸਾਡੇ ਬਾਰੇ ਪੰਜਵੀ ਜਮਾਤ ਤੋਂ ਪੜ੍ਹਦੇ ਹੀ ਆਏ ਹੋਣੇ ਹੋ? ਸਾਡੇ ਲਾਭ ਬਾਰੇ ਵੀ ਗੱਲ ਹੋਈ ਹੋਣੀ ਹੈ? ਕੁਝ ਅਸੀ ਦੱਸੀਏ ਬਈ ਅਸੀ ਅੱਜ ਕੱਲ੍ਹ 'ਕੱਲੇ ਜਿਹੇ ਹਾਂ। ਕਿਸੇ ਕੋਲ ਟਾਈਮ ਹੀ ਨਹੀ ਰਲ ਕੇ ਬੈਠਣ ਦਾ।' ਬੰਦੇ ਨੂੰ ਚੰਗਾ ਲੱਗ ਰਿਹਾ ਸੀ ਰੁੱਖਾਂ ਨਾਲ ਗੱਲਾਂ ਕਰਨੀਆਂ।

ਰੁੱਖਾਂ ਨੇ ਬੰਦੇ ਨੂੰ ਕਿਹਾ ਕਿ ਤੁਹਾਡੇ ਵਾਂਗ ਸਾਡੇ ਵੀ ਕਈ ਅੰਗ ਹਨ। ਹਰ ਅੰਗ ਕਿਸੇ ਦੇ ਕੰਮ ਆਉਂਦੇ ਹਨ। ਜੜ੍ਹਾਂ ਦੇ ਸਹਾਰੇ ਅਸੀ ਧਰਤੀ 'ਤੇ ਸਥਿਰ ਰਹਿੰਦੇ ਹਾਂ। ਇਨ੍ਹਾਂ ਰਾਹੀ ਅਸੀ ਧਰਤੀ ਤੋਂ ਪਾਣੀ, ਖਣਿਜ ਤੇ ਲਵਣ ਲੈਂਦੇ ਹਾਂ। ਅਸੀਂ ਜੜ੍ਹਾਂ ਰਾਹੀ ਮਿੱਟੀ ਨੂੰ ਜਕੜ ਕੇ ਰੱਖਦੇ ਹਾਂ ਨਹੀ ਤਾਂ ਮੀਂਹ-ਕਣੀ 'ਚ ਧਰਤੀ ਮਿੱਟੀ ਰਹਿਤ ਹੋ ਜਾਂਦੀ, ਫੇਰ ਅਸੀ ਉੱਗਦੇ ਕਿੱਥੇ? ਤੁਸੀ ਰਹਿੰਦੇ ਕਿਥੇ? ਤੁਸੀ ਸਾਡੀਆਂ ਜੜ੍ਹਾਂ ਤੋਂ ਦਵਾਈਆਂ ਬਣਾਉਂਦੇ ਹੋ ਤੇ ਸਿਹਤਮੰਦ ਰਹਿੰਦੇ ਹੋ। ਸਬਜ਼ੀਆਂ ਵੀ ਤਾਂ ਸਾਡੀਆਂ ਜੜ੍ਹਾਂ ਤੋਂ ਹੀ ਪ੍ਰਾਪਤ ਕਰਦੇ ਹੋ।

ਤਣੇ ਸਾਡੇ ਥੰਮ ਹਨ। ਇਸੇ ਨੂੰ ਪ੍ਰਾਪਤ ਕਰਨ ਲਈ ਤਾਂ ਬੰਦੇ ਸਾਨੂੰ ਵੱਢਦੇ ਹਨ। ਇਸੇ ਹਿੱਸੇ ਤੋਂ ਬਾਲਣ ਬਣਦਾ ਹੈ। ਤੁਹਾਡੇ ਲਈ ਘਰਾਂ ਦੇ ਸ਼ਿੰਗਾਰ ਵਾਸਤੇ ਫਰਨੀਚਰ ਤੇ ਛੱਤਾਂ ਲਈ ਸ਼ਤੀਰ ਵੀ ਇਸੇ ਤੋਂ ਬਣਦੇ ਹਨ। ਡਿੱਗਦੀ ਛੱਤ ਨੂੰ ਸੰਭਾਲਣ ਲਈ ਥੰਮੀ ਵੀ ਅਸੀ ਹੀ ਦਿੰਦੇ ਹਾਂ। ਸਾਡੇ ਤਣੇ ਤੋਂ ਅਨੇਕਾਂ ਦਵਾਈਆਂ ਬਣਾਂਦੇ ਹੋ। ਦੰਦਾਸਾ ਵੀ ਸਾਡੇ ਤਣੇ ਦੇ ਛਿੱਲੜ ਤੋਂ ਹੁੰਦਾ ਹੈ, ਬੀਬੀਆਂ ਦੇ ਬੁੱਲ੍ਹਾਂ ਨੂੰ ਰੰਗਣ ਲਈ। ਪਰਮਾਤਮਾ ਨੇ ਸਾਨੂੰ ਦੇਣ ਦੀ ਬਖ਼ਸ਼ ਕੀਤੀ ਹੈ ਲੈਣਾ ਤਾਂ ਅਸੀ ਜਾਣਦੇ ਹੀ ਨਹੀ। ਟਾਹਣੀਆਂ ਪੰਛੀਆਂ ਨੂੰ ਬਸੇਰਾ ਦਿੰਦੀਆਂ ਹਨ। ਕੀਟ-ਪਤੰਗੇ ਵੀ ਸਾਡੇ ਕੋਲ ਰਹਿੰਦੇ ਹਨ।

ਪੱਤੇ ਕੀ-ਕੀ ਨਹੀ ਦਿੰਦੇ ਸੰਸਾਰ ਨੂੰ? ਛਾਂ ਸਾਡੇ ਪੱਤਿਆਂ ਦੀ ਹੀ ਕਰਾਮਾਤ ਹੈ। ਜਦੋਂ ਹਵਾ ਵਗਦੀ ਹੈ ਤਾਂ ਅਜਿਹਾ ਸੁਰ ਨਿਕਲਦਾ ਹੈ ਕਿ ਇਸ ਤਰ੍ਹਾਂ ਲਗਦਾ ਹੈ ਜਿਵੇਂ ਸਵਰਗ ਤੋਂ ਰੱਬ ਰਬਾਬ ਵਜਾ ਰਿਹਾ ਹੋਵੇ। ਨਿੰਮ ਦਾ ਰੁੱਖ ਕਹਿਣ ਲੱਗਾ, 'ਮੇਰੇ ਪੱਤੇ ਬੰਦਿਆਂ ਨੂੰ ਰੋਗਾਣੂ ਰਹਿਤ ਕਰਦੇ ਹਨ। ਸਾਡੇ ਸੁੱਕੇ ਪੱਤੇ ਤੁਹਾਡੀ ਫ਼ਸਲ ਲਈ ਬੇਸ਼ਕੀਮਤੀ ਖਾਦ ਬਣਾਂਦੇ ਹਨ। ਬੰਦਿਆ! ਤੁਹਾਡੇ ਕੋਲੋਂ ਤਾਂ ਸਾਡੇ ਝੜੇ ਪੱਤੇ ਵੀ ਬਰਦਾਸ਼ਤ ਨਹੀ ਹੁੰਦੇ ਝੱਟ ਕਹਿ ਦਿੰਦੇ ਹੋ ਕਿ ਰੁੱਖਾਂ ਨੇ ਗੰਦ ਪਾ ਦਿੱਤਾ ਹੈ। ਤੁਹਾਡੀਆਂ ਸੌ ਗੰਦਗੀਆਂ ਸਹਾਰਦੇ ਤੇ ਸਮੇਟਦੇ ਹਾਂ ਪਰ ਕਦੇ ਬੁਰਾ ਨਹੀ ਮਨਾਇਆ। ਸਾਡੇ ਪੱਤੇ ਤੁਹਾਡੇ ਕਾਰਖ਼ਾਨਿਆਂ ਦੀ ਪੈਦਾ ਕੀਤੀ ਕਾਰਬਨ ਡਾਈਆਕਸਾਈਡ ਨੂੰ ਆਕਸੀਜਨ 'ਚ ਬਦਲਦੇ ਹਨ।

ਫੁੱਲ ਮੇਰਾ ਸਭ ਤੋਂ ਸੋਹਣਾ ਅੰਗ ਹੈ। ਬੰਦਾ ਆਪਣੇ ਸਾਥੀ ਨੂੰ ਸਾਡੇ ਫੁੱਲਾਂ ਨਾਲ ਹੀ ਮਨਾਉਂਦਾ ਹੈ। ਜਦੋਂ ਬੰਦੇ ਨੂੰ ਰੱਬ ਦੀ ਯਾਦ ਆਉਂਦੀ ਹੈ ਤਾਂ ਉਦੋਂ ਵੀ ਅਸੀ ਫੁੱਲ ਦਿੰਦੇ ਹਾਂ। ਇਤਰ ਫੁਲੇਲ ਵੀ ਫੁੱਲ ਹੀ ਬਣਾਂਦੇ ਹਨ। ਸਵਾਈਨ ਫਲੂ ਦਾ ਤੋੜ ਵੀ ਸਾਡੇ ਇਕ ਖ਼ਾਸ ਫੁੱਲ ਦੇ ਅਰਕ 'ਚ ਲੁਕਿਆ ਹੋਇਆ ਹੈ।

ਸਾਡੇ ਫਲਾਂ ਬਾਰੇ ਤਾਂ ਤੁਹਾਨੂੰ ਪਤਾ ਹੀ ਹੈ, ਇਹੋ ਤਾਂ ਹਨ ਜੋ ਤੁਹਾਡੀ ਭੁੱਖ ਮਿਟਾਉਂਦੇ ਹਨ, ਤਾਕਤ ਦਿੰਦੇ ਹਨ। ਸਾਡੇ ਬੀਜ ਵੀ ਫਲਾਂ ਵਿਚ ਹੀ ਹੁੰਦੇ ਹਨ। ਬੀਜਾਂ ਉੱਤੇ ਗੁੱਦਾ ਸਾਡੇ ਬੀਜਾਂ ਦੀ ਖ਼ੁਰਾਕ ਹੈ, ਜਿਸ ਨੂੰ ਅਸੀਂ ਸਾਰੀ ਸ਼ਕਤੀ ਲਗਾ ਕੇ ਤਿਆਰ ਕਰਦੇ ਹਾਂ। ਮਨੁੱਖ ਸਾਡੇ ਬੀਜਾਂ ਦੀ ਖ਼ੁਰਾਕ ਵੀ ਖਾ ਜਾਂਦਾ ਹੈ। ਫਲ ਖਾ ਕੇ ਬੀਜਾਂ ਨੂੰ ਇਧਰ-ਉਧਰ ਸੁੱਟ ਦਿੰਦਾ ਹੈ। ਇਹ ਵੀ ਨਹੀ ਸੋਚਦਾ ਕਿ ਸਾਡੀ ਨਸਲ ਹੀ ਖ਼ਤਮ ਹੋ ਜਾਵੇਗੀ। ਜਿਹੜੀਆਂ ਦਾਲਾਂ ਖਾਂਦੇ ਹੋ, ਉਹ ਵੀ ਸਾਡੇ ਬੀਜ ਹੀ ਹਨ।

ਮਿੱਤਰਾ! ਅਸੀ ਤਾਂ ਇੰਨਾ ਕੁਝ ਕਰਦੇ ਹਾਂ ਤੁਹਾਡੇ ਲਈ ਪਰ ਤੁਸੀ ਕੀ ਕਰਦੇ ਹੋ? ਸਾਨੂੰ ਵੱਢਦੇ ਹੋ.. ਟੁੱਕਦੇ ਹੋ... ਪੁੱਟਦੇ ਹੋ। ਸਾਨੂੰ ਵੱਢਣ ਦੀ ਥਾਂ ਖਾਣ-ਪੀਣ ਲਈ ਸਾਡੀਆਂ ਪੈਦਾ ਕੀਤੀਆਂ ਵਸਤਾਂ ਦਾ ਪ੍ਰਯੋਗ ਕਰੋ, ਢੇਰ ਲਾ ਦੇਵਾਂਗੇ ਅਸੀ ਖਣਿੱਜਾਂ ਤੇ ਪ੍ਰੋਟੀਨ ਦਾ। ਬੰਦੇ ਨੇ ਰੁੱਖਾਂ ਦੀਆਂ ਗੱਲਾਂ ਸੁਣ ਕੇ ਉਨ੍ਹਾਂ ਦਾ ਧੰਨਵਾਦ ਕੀਤਾ ਤੇ ਵੱਧ ਤੋਂ ਵੱਧ ਰੁੱਖ ਲਗਾਉਣ ਦਾ ਵਾਅਦਾ ਕੀਤਾ। •

**ਮੋਬਾਈਲ 98152-00134**

---

# ਮਨਸੂਰਾਂ ਗਾਜਰ ਬੂਟੀ ਮੁਕਤ ਭਾਰਤ ਦਾ ਪਹਿਲਾ ਪਿੰਡ

• ਮੱਖਣ ਸਿੰਘ ਭੁੱਲਰ, ਸਿਮਰਜੀਤ ਕੌਰ

ਗਾਜਰ ਬੂਟੀ ਜਾਂ ਕਾਂਗਰਸ ਘਾਹ ਬਹੁਤ ਖ਼ਤਰਨਾਕ ਨਦੀਨ ਹੈ। ਇਹ ਦੇਸ਼ ਦੇ 350 ਲੱਖ ਹੈਕਟੇਅਰ ਰਕਬੇ 'ਚ ਫ਼ੈਲਿਆ ਹੈ। ਉੱਤਰੀ ਭਾਰਤ 'ਚ ਇਹ ਨਦੀਨ ਫਰਵਰੀ ਤੋਂ ਨਵੰਬਰ ਤਕ ਉੱਗਦਾ ਹੈ ਤੇ ਇਕ ਸਾਲ 'ਚ ਕਈ ਲੌਅ ਪੈਦਾ ਕਰਦਾ ਹੈ। ਇਸ ਬੂਟੇ ਦੇ ਸਾਰੇ ਭਾਗਾਂ 'ਚ ਜ਼ਹਿਰੀਲੇ ਕਣ ਹੁੰਦੇ ਹਨ ਜੋ ਮਨੁੱਖਾਂ ਤੇ ਪਸ਼ੂਆਂ ਲਈ ਹਾਨੀਕਾਰਕ ਹਨ। ਹਵਾ 'ਚ ਫੈਲੇ ਇਸ ਦੇ ਪਰਾਗ-ਕਣ ਸਾਹ ਰਾਹੀਂ ਸਰੀਰ ਅੰਦਰ ਚਲੇ ਜਾਂਦੇ ਹਨ ਜਿਸ ਨਾਲ ਸਾਹ ਦੇ ਰੋਗ ਤੇ ਚਮੜੀ ਦੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਇਸ ਦੇ ਹਾਨੀਕਾਰਕ ਪ੍ਰਭਾਵਾਂ ਬਾਰੇ ਜਾਗਰੂਕਤਾ ਫੈਲਾਉਣ ਤੇ ਇਸ ਦੇ ਖ਼ਾਤਮੇ ਲਈ ਮੁਹਿੰਮ ਚਲਾਈ ਜਾਂਦੀ ਹੈ। ਇਸ ਦੇ ਸਭ ਤੋਂ ਚੰਗੇ ਨਤੀਜੇ ਲੁਧਿਆਣਾ-ਪੱਖੋਵਾਲ ਸੜਕ 'ਤੇ ਸਥਿਤ ਮਨਸੂਰਾਂ ਪਿੰਡ ਵਿੱਚੋਂ ਮਿਲੇ ਹਨ। ਇਸ ਪਿੰਡ ਨੂੰ ਪੰਜਾਬ ਦਾ ਪਹਿਲਾ ਗਾਜਰ ਬੂਟੀ ਮੁਕਤ ਪਿੰਡ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ। ਮਨਸੂਰਾਂ ਪਿੰਡ ਵਿਚ ਕਿਸੇ ਪਾਸਿਓਂ ਵੀ ਦਾਖ਼ਲ ਹੁੰਦਿਆਂ ਹੀ ਖੇਤਾਂ ਦੇ ਬੰਨੇ, ਸੜਕਾਂ ਕਿਨਾਰੇ ਵਾਲੀ ਜ਼ਮੀਨ, ਪਿੰਡ ਦੀਆਂ ਸਾਂਝੀਆਂ ਥਾਵਾਂ ਪਾਰਕ, ਸਕੂਲ, ਕਾਲਜ, ਹਸਪਤਾਲ, ਸਹਿਕਾਰੀ ਸਭਾ, ਬਾਜ਼ਾਰ, ਪਿੰਡ ਦੀਆਂ ਫਿਰਨੀਆਂ ਆਦਿ ਗਾਜਰ ਬੂਟੀ ਤੋਂ ਮੁਕਤ ਵੇਖੇ ਜਾ ਸਕਦੇ ਹਨ।

## ਇਕ ਬੂਟਾ, 25 ਹਜ਼ਾਰ ਬੀਜ!

ਗਾਜਰ ਬੂਟੀ ਦਾ ਖ਼ਾਤਮਾ ਕਰਨ ਲਈ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਜਦੋਂ ਇਹ ਨਦੀਨ 2-4 ਪੱਤਿਆਂ ਦੀ ਅਵਸਥਾ 'ਚ ਹੋਵੇ ਤਾਂ ਇਸ ਨੂੰ ਜੜ੍ਹਾਂ ਸਮੇਤ ਪੁੱਟ ਕੇ ਜਾਂ ਨਦੀਨ ਨਾਸ਼ਕਾਂ ਨਾਲ ਖ਼ਤਮ ਕਰ ਦੇਣਾ ਚਾਹੀਦਾ ਹੈ। ਜਦੋਂ ਇਸ ਦੇ ਫੁੱਲ ਆ ਜਾਣ ਤਾਂ ਉਸ ਸਮੇਂ ਬੂਟਿਆਂ ਨੂੰ ਪੁੱਟਣ ਨਾਲ ਇਸ ਦੇ ਪਰਾਗ-ਕਣ ਹਵਾ 'ਚ ਜ਼ਿਆਦਾ ਫ਼ੈਲਦੇ ਹਨ। ਇਸ ਅਵਸਥਾ ਸਮੇਂ ਨਦੀਨ ਨਾਸ਼ਕ ਦਵਾਈਆਂ ਵੀ ਸਿਰਫ਼ ਇਸ ਦੇ ਪੱਤਿਆਂ ਦਾ ਹੀ ਖ਼ਾਤਮਾ ਕਰਦੀਆਂ ਹਨ ਤੇ ਇਹ ਬੂਟੀ ਬੀਜ ਬਣਾਉਣ 'ਚ ਸਫਲ ਹੋ ਜਾਂਦੀ ਹੈ। ਇਸ ਦਾ ਇਕ ਬੂਟਾ 25,000 ਤਕ ਬੀਜ ਬਣਾਉਂਦਾ ਹੈ। ਬੀਜ ਹਲਕੇ ਹੋਣ ਕਾਰਨ ਇਹ ਹਵਾ ਜ਼ਰੀਏ ਇਕ ਤੋਂ ਦੂਸਰੀ ਥਾਂ ਆਸਾਨੀ ਨਾਲ ਪਹੁੰਚ ਜਾਂਦੇ ਹਨ। ਇਹ ਬੀਜ ਫਰਵਰੀ-ਨਵੰਬਰ ਮਹੀਨਿਆਂ ਦੌਰਾਨ ਕਿਸੇ ਸਮੇਂ ਵੀ ਉੱਗ ਸਕਦੇ ਹਨ। ਇਸ ਦੇ ਮੁਕੰਮਲ ਖ਼ਾਤਮੇ ਲਈ ਇਸ ਨਦੀਨ ਦਾ ਨਿਰੰਤਰ ਸਰਵੇਖਣ ਕਰਦੇ ਰਹਿਣਾ ਚਾਹੀਦਾ ਹੈ ਤੇ ਨਵੇਂ ਉੱਗੇ ਬੂਟਿਆਂ ਨੂੰ ਜੜ੍ਹੋਂ ਪੁੱਟ ਕੇ, ਅੱਗ ਲਾ ਕੇ ਜਾਂ ਨਦੀਨ ਨਾਸ਼ਕਾਂ ਦੀ ਵਰਤੋਂ ਕਰ ਕੇ ਖ਼ਤਮ ਕਰ ਦੇਣਾ ਚਾਹੀਦਾ ਹੈ। ਅਜਿਹੇ ਢੰਗਾਂ ਨਾਲ ਇਸ ਦੇ ਬੀਜ ਪੈਦਾ ਕਰਨ 'ਚ ਰੁਕਾਵਟ ਆਉਂਦੀ ਹੈ ਜੋ ਇਸ ਦੇ ਖ਼ਾਤਮੇ ਲਈ ਅਹਿਮ ਕਦਮ ਹੈ। ਇਸ ਨਾਲ ਇਸ ਦਾ 3-5 ਸਾਲ 'ਚ ਮੁਕੰਮਲ ਖ਼ਾਤਮਾ ਕੀਤਾ ਜਾ ਸਕਦਾ ਹੈ।

### ਜਾਗਰੂਕਤਾ ਪ੍ਰੋਗਰਾਮ ਤੋਂ ਉੱਸਰੀ ਮੁਹਿੰਮ

*ਪੰਜਾਬ ਦੇ ਬਾਕੀ ਪਿੰਡਾਂ ਵਾਂਗ ਮਨਸੂਰਾਂ ਪਿੰਡ ਵੀ ਗਾਜਰ ਬੂਟੀ ਨਾਲ ਭਰਿਆ ਹੋਇਆ ਸੀ। ਲੋਕਾਂ ਨੂੰ ਇਸ ਦੇ ਸਿਹਤ ਉੱਪਰ ਪੈਣ ਵਾਲੇ ਮਾੜੇ ਪ੍ਰਭਾਵ ਬਾਰੇ ਜਾਣਕਾਰੀ ਨਹੀਂ ਸੀ। ਸੰਨ 2013 ਵਿਚ ਪੀਏਯੂ ਦੇ ਫ਼ਸਲ ਵਿਗਿਆਨ ਵਿਭਾਗ ਵੱਲੋਂ ਆਈਸੀਏਆਰ-ਡਾਇਰੈਕਟੋਰੇਟ ਆਫ ਵੀਡ ਰੀਸਰਚ ਦੇ ਸਹਿਯੋਗ ਨਾਲ ਗਾਜਰ ਬੂਟੀ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਤੋਂ ਬਾਅਦ ਪਿੰਡ ਦੀ ਪੰਚਾਇਤ ਤੇ ਵਸਨੀਕਾਂ ਨੇ ਇਸ ਨਦੀਨ ਦੇ ਖ਼ਾਤਮੇ ਲਈ ਗ੍ਰਾਮ ਪੰਚਾਇਤ ਨੇ ਦੋ ਮਨਰੇਗਾ ਕਰਮਚਾਰੀਆਂ ਦੀ ਜ਼ਿੰਮੇਵਾਰੀ ਲਗਾਈ। ਇਨ੍ਹਾਂ ਕਰਮਚਾਰੀਆਂ ਨੇ ਦਸਤੀ, ਤਕਨੀਕੀ ਤੇ ਰਸਾਇਣਕ ਵਿਧੀ ਨਾਲ ਪਿੰਡ ਦੇ ਅੰਦਰੋਂ ਤੇ ਆਲੇ-ਦੁਆਲਿਓਂ ਇਸ ਨਦੀਨ ਦੇ ਖ਼ਾਤਮੇ ਦੀ ਮੁਹਿੰਮ ਸ਼ੁਰੂ ਕੀਤੀ ਤੇ ਇਹ ਪਿੰਡ 2016 ਵਿਚ ਇਸ ਨਦੀਨ ਤੋਂ ਪੂਰੀ ਤਰ੍ਹਾਂ ਮੁਕਤ ਹੋ ਗਿਆ।*



## ਆਈਸੀਏਆਰ ਨੇ ਕੀਤਾ ਸਨਮਾਨਿਤ

ਮਨਸੂਰਾਂ ਪਿੰਡ ਦੀ ਪੰਚਾਇਤ ਗਾਜਰ-ਬੂਟੀ ਬਾਰੇ ਲਗਾਤਾਰ ਸਾਹਿਤ ਤੇ ਸਮਾਜਿਕ ਇਕੱਠਾਂ ਜ਼ਰੀਏ ਜਾਗਰੂਕਤਾ ਪੈਦਾ ਕਰਦੀ ਹੈ। ਇਸ ਤੋਂ ਇਲਾਵਾ ਪਿੰਡ ਦੀਆਂ ਸੜਕਾਂ ਦੇ ਸਰਵੇਖਣ ਦੀ ਜ਼ਿੰਮੇਵਾਰੀ ਕਿਸਾਨਾਂ ਨੂੰ ਸੌਂਪੀ ਗਈ ਹੈ, ਜੋ ਨਵੇਂ ਉੱਗੇ ਬੂਟਿਆਂ ਦਾ ਖ਼ਾਤਮਾ ਕਰਦੇ ਰਹਿੰਦੇ ਹਨ। ਆਈਸੀਏਆਰ-ਡੀਡਬਲਿਊਆਰ ਜਬਲਪੁਰ ਦੇ ਡਾਇਰੈਕਟਰ ਡਾ. ਅਜੀਤ ਰਾਮ ਸ਼ਰਮਾ ਨੇ ਅਗਸਤ 2016 'ਚ ਪਿੰਡ ਦਾ ਦੌਰਾ ਕੀਤਾ ਤੇ ਇਸ ਪਿੰਡ ਨੂੰ 'ਭਾਰਤ ਦਾ ਪਹਿਲਾ ਗਾਜਰ ਬੂਟੀ ਮੁਕਤ ਪਿੰਡ' ਐਲਾਨਿਆ। ਮਨਸੂਰਾਂ ਮਾਡਲ ਨੇ ਗਾਜਰ ਬੂਟੀ ਮੁਕਤ ਭਾਰਤ ਦੀ ਨੀਂਹ ਰੱਖੀ ਹੈ ਤੇ ਭਾਰਤ ਦੇ ਹੋਰਨਾਂ ਸੂਬਿਆਂ 'ਚ ਵੀ ਇਸ ਮਾਡਲ ਨੂੰ ਅਪਣਾਏ ਜਾਣ ਦੀਆਂ ਸੰਭਾਵਨਾਵਾਂ ਹਨ। ਪਿੰਡ ਨੂੰ ਗਾਜਰ ਬੂਟੀ ਮੁਕਤ ਬਣਾਉਣ 'ਚ ਹਰਨੇਕ ਸਿੰਘ ਗਰੇਵਾਲ ਨੇ ਅਹਿਮ ਭੂਮਿਕਾ ਨਿਭਾਈ। ਆਈਸੀਏਆਰ-ਡੀਡਬਲਿਊਆਰ ਵੱਲੋਂ ਉਨ੍ਹਾਂ ਨੂੰ ਜਬਲਪੁਰ ਵਿਖੇ ਸ਼ਲਾਘਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

## ਖ਼ਾਤਮੇ ਦੇ ਢੰਗ

ਗਾਜਰ ਬੂਟੀ ਦਾ ਵੱਖ-ਵੱਖ ਤਰੀਕਿਆਂ ਨਾਲ ਖ਼ਾਤਮਾ ਕੀਤਾ ਜਾ ਸਕਦਾ ਹੈ। ਖੇਡ ਦੇ ਮੈਦਾਨਾਂ, ਬਾਗ਼ਾਂ, ਸੜਕਾਂ ਦੇ ਕਿਨਾਰਿਆਂ, ਖਾਲੀ ਥਾਵਾਂ ਵਾਹ ਕੇ ਇਸ ਦਾ ਖ਼ਾਤਮਾ ਕੀਤਾ ਜਾ ਸਕਦਾ ਹੈ। ਘੱਟ ਗਿਣਤੀ 'ਚ ਉੱਗੀ ਬੂਟੀ ਨੂੰ ਕਹੀ ਨਾਲ ਵੀ ਪੁੱਟਿਆ ਜਾ ਸਕਦਾ ਹੈ। ਬੂਟੇ ਪੁੱਟਣ ਸਮੇਂ ਹੱਥਾਂ ਉੱਪਰ ਦਸਤਾਨੇ ਅਤੇ ਨੱਕ ਉੱਪਰ ਮਾਸਕ ਜ਼ਰੂਰ ਪਾਓ। ਫਰਵਰੀ ਦੇ ਦੂਜੇ ਪੰਦਰਵਾੜੇ ਵਿਚ ਇਸ ਨਦੀਨ ਦੇ ਉੱਗਣ ਤੋਂ ਪਹਿਲਾਂ ਐਟਰਾਟਾਫ 50 ਡਬੱਲਯੂਪੀ (ਐਟਰਾਜ਼ੀਨ) ਦੀ 700 ਗ੍ਰਾਮ ਤੋਂ ਇਕ ਕਿੱਲੋ ਮਾਤਰਾ ਨੂੰ 100 ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ। ਸਾਫ਼ ਕੀਤੀਆਂ ਥਾਵਾਂ 'ਤੇ ਇਸ ਦਾ ਛਿੜਕਾਅ ਇਸ ਨੂੰ ਉੱਗਣ ਤੋਂ ਰੋਕਣ ਲਈ ਕੀਤਾ ਜਾ ਸਕਦਾ ਹੈ। ਨਦੀਨ ਨਾਸ਼ਕ ਦਾ ਛਿੜਕਾਅ ਉਦੋਂ ਵੀ ਕੀਤਾ ਜਾ ਸਕਦਾ ਹੈ ਜਦੋਂ ਇਹ ਨਦੀਨ 1 ਤੋਂ 2 ਪੱਤਿਆਂ ਦੀ ਅਵਸਥਾ 'ਚ ਹੋਵੇ। ਵੱਡੇ ਬੂਟੇ, ਜੋ 3-4 ਪੱਤਿਆਂ ਵਾਲੇ ਹੋਣ, ਉੱਥੇ ਰਾਊਂਡਅੱਪ 41 ਐੱਸਐੱਲ (ਗਲਾਈਫੋਸੇਟ) ਦੀ 700 ਐੱਮਐੱਲ ਤੋਂ ਇਕ ਲਿਟਰ ਮਾਤਰਾ ਨੂੰ 100 ਲਿਟਰ ਪਾਣੀ 'ਚ ਜਾਂ ਐਕਸਲ ਮੇਰਾ 71 ਐੱਸਐੱਲ (ਗਲਾਈਫੋਸੇਟ) ਦੀ 400 ਗ੍ਰਾਮ ਮਾਤਰਾ ਨੂੰ 100 ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ।

## ਵਧੀਆ ਸ਼ੁਰੂਆਤ

ਪੰਜਾਬ ਦੇ ਲੋਕਾਂ ਨੇ ਇਸ ਤੋਂ ਪਹਿਲਾਂ ਇਕ ਹੋਰ ਨਦੀਨ 'ਪੋਹਲੀ' ਨੂੰ ਖ਼ਤਮ ਕਰਨ ਦਾ ਸਿਹਰਾ ਆਪਣੇ ਸਿਰ ਬੰਨ੍ਹਿਆ ਹੈ। ਹੁਣ ਉਹ 'ਗਾਜਰ ਬੂਟੀ' ਨੂੰ ਖ਼ਤਮ ਕਰ ਕੇ ਇਸ ਨੂੰ ਦੁਹਰਾਅ ਸਕਦੇ ਹਨ। ਗ੍ਰਾਮ ਪੰਚਾਇਤ ਮਨਸੂਰਾਂ ਤੇ ਉੱਥੋਂ ਦੇ ਲੋਕਾਂ ਨੇ ਵਧੀਆ ਸ਼ੁਰੂਆਤ ਕੀਤੀ ਹੈ। ਦੂਸਰੇ ਪਿੰਡਾਂ ਦੀਆਂ ਪੰਚਾਇਤਾਂ ਤੇ ਸ਼ਹਿਰਾਂ ਦੀ ਨਗਰ ਕੌਂਸਲਾਂ ਵੀ ਇਸ ਨੂੰ ਅਪਣਾ ਸਕਦੀਆਂ ਹਨ। ਇਸ ਦੀ ਰੋਕਥਾਮ ਉੱਪਰ ਵਾਧੂ ਖ਼ਰਚਾ ਵੀ ਨਹੀਂ ਆਉਂਦਾ। ਮਨਸੂਰਾਂ ਨਾਲ ਲਗਦੇ ਹੋਰਨਾਂ ਪਿੰਡਾਂ ਰਤਨ, ਛੋਕਰਾਂ, ਦੇਲੋਂ ਤੇ ਢੈਪਈ ਨੇ ਵੀ ਗਾਜਰ ਬੂਟੀ ਦੇ ਖ਼ਾਤਮੇ ਲਈ ਉਪਰਾਲੇ ਕਰਨੇ ਸ਼ੁਰੂ ਕਰ ਦਿੱਤੇ ਹਨ। •

---

# ਬੀਜ ਵਾਸਤੇ ਆਲੂ ਪੈਦਾ ਕਰਨ ਦੇ ਅਹਿਮ ਨੁਕਤੇ

• ਸਤਪਾਲ ਸ਼ਰਮਾ, ਦਿਲਬਾਗ ਸਿੰਘ

***ਮਿਆਰੀ ਉਤਪਾਦਨ ਲਈ ਬੀਜ ਦਾ ਮਿਆਰੀ ਹੋਣਾ ਬੇਹੱਦ ਲਾਜ਼ਮੀ ਹੁੰਦਾ ਹੈ। ਇਸ ਤੋਂ ਇਲਾਵਾ ਬੀਜ ਅਤੇ ਫ਼ਸਲ ਨੂੰ ਬਿਮਾਰੀਆਂ ਅਤੇ ਕੀਟਾਂ ਤੋਂ ਮੁਕਤ ਰੱਖਣਾ ਵੀ ਜ਼ਰੂਰੀ ਹੁੰਦਾ ਹੈ। ਤੇਲਾ ਅਤੇ ਹੋਰ ਕੀਟ ਵੀ ਇਨ੍ਹਾਂ ਬਿਮਾਰੀਆਂ ਨੂੰ ਫ਼ੈਲਾਉਣ ਦਾ ਕਾਰਨ ਬਣਦੇ ਹਨ...***



ਪਿਛਲੇ ਸਾਲ ਪੰਜਾਬ ਵਿਚ 93.0 ਹਜ਼ਾਰ ਹੈਕਟੇਅਰ ਰਕਬੇ 'ਚੋਂ 23.9 ਲੱਖ ਟਨ ਆਲੂ ਦੀ ਪੈਦਾਵਾਰ ਕੀਤੀ ਗਈ। ਪੰਜਾਬ 'ਚ ਪ੍ਰਤੀ ਹੈਕਟੇਅਰ ਪੈਦਾਵਾਰ 25.7 ਟਨ ਪ੍ਰਤੀ ਹੈਕਟੇਅਰ ਹੈ, ਜੋ ਕਿ ਭਾਰਤ ਦੇ ਬਾਕੀ ਸੂਬਿਆਂ ਨਾਲੋਂ ਵੱਧ ਹੈ। ਸੂਬੇ ਦੇ ਤਿੰਨ ਜ਼ਿਲ੍ਹੇ ਜਲੰਧਰ, ਕਪੂਰਥਲਾ ਤੇ ਹੁਸ਼ਿਆਰਪੁਰ ਕਰੀਬ 50 ਫ਼ੀਸਦੀ ਆਲੂ ਪੈਦਾ ਕਰਦੇ ਹਨ। ਆਲੂ ਉਤਪਾਦਨ ਦਾ 60 ਫ਼ੀਸਦੀ ਹਿੱਸਾ ਬੀਜ ਲਈ ਵਰਤਿਆ ਜਾਂਦਾ ਹੈ। ਦੇਸ਼ ਵਿਚ ਆਲੂ ਦੇ ਬੀਜ ਦੀ ਮੌਜੂਦਾ ਮੰਗ ਦੇ ਮੁਕਾਬਲੇ ਕਾਫ਼ੀ ਘੱਟ ਹੈ। ਇਸ ਲਈ ਆਲੂ ਦੀ ਬੀਜ ਦੇ ਤੌਰ 'ਤੇ ਪੈਦਾਵਾਰ ਹੋਰ ਵਧਾਉਣ ਦੀ ਲੋੜ ਹੈ।

## ਵਿਸ਼ਾਣੂ ਰੋਗ ਕਾਰਨ ਘਟਦਾ ਹੈ ਝਾੜ

ਚੰਗੀ ਪੈਦਾਵਾਰ ਲਈ ਸਿਹਤਮੰਦ ਬੀਜ ਮੁਢਲੀ ਜ਼ਰੂਰਤ ਹੈ। ਆਲੂ ਦੀ ਫ਼ਸਲ 'ਚ ਇਸ ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ ਕਿਉਂਕਿ ਇਸ ਦਾ ਮੂਲ ਬੀਜ ਆਲੂ ਹੀ ਹੈ। ਬੀਜ ਆਲੂ ਦੀ ਖੇਤੀ ਦਾ ਏਨਾ ਜ਼ਰੂਰੀ ਹਿੱਸਾ ਹੈ ਕਿ ਇਸ ਦੀ ਕੀਮਤ ਲਾਗਤ ਦਾ 50 ਫ਼ੀਸਦੀ ਹੁੰਦੀ ਹੈ। ਜੇ ਅਸੀਂ ਆਲੂ ਦਾ ਉਹੀ ਬੀਜ ਸਾਲ-ਦਰ-ਸਾਲ ਵਰਤਦੇ ਰਹਿੰਦੇ ਹਾਂ ਤਾਂ ਇਸ ਨਾਲ ਬੀਜ ਕਮਜ਼ੋਰ ਪੈ ਜਾਂਦਾ ਹੈ ਤੇ ਝਾੜ ਘਟ ਜਾਂਦਾ ਹੈ। ਝਾੜ ਘਟਣ ਦਾ ਮੁੱਖ ਕਾਰਨ ਵਿਸ਼ਾਣੂ ਰੋਗ ਹੁੰਦੇ ਹਨ। ਇਹ ਵਿਸ਼ਾਣੂ ਰੋਗ ਤੇਲੇ ਰਾਹੀ ਜਾਂ ਨੇੜਲੇ ਖੇਤਾਂ 'ਚੋਂ ਫ਼ਸਲ ਤਕ ਫ਼ੈਲਦਾ ਹੈ ਤੇ ਆਲੂ ਦੇ ਬੀਜ ਨੂੰ ਕਮਜ਼ੋਰ ਕਰਦਾ ਹੈ। ਆਲੂ ਦਾ ਮਿਆਰੀ ਬੀਜ ਤਦ ਪੈਦਾ ਕੀਤਾ ਜਾ ਸਕਦਾ ਹੈ ਜਦੋਂ ਤੇਲੇ ਦਾ ਹਮਲਾ ਨਾ ਹੋਵੇ। ਅਜਿਹਾ ਮੌਸਮ ਅਕਤੂਬਰ-ਜਨਵਰੀ ਦਰਮਿਆਨ ਹੁੰਦਾ ਹੈ। ਆਲੂ ਦੀ ਫ਼ਸਲ ਦੇ ਪੱਤੇ ਦਸੰਬਰ ਦੇ ਅਖ਼ੀਰ 'ਚ ਤੇਲੇ ਦੇ ਵਧਣ ਤੋਂ ਪਹਿਲਾਂ ਕੱਟ ਦਿੱਤੇ ਜਾਂਦੇ ਹਨ। ਇਸ ਦੇ ਨਾਲ ਹੀ ਦਵਾਈਆਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ ਜਿਸ ਨਾਲ ਤੇਲੇ ਨੂੰ ਕਾਬੂ ਕੀਤਾ ਜਾਂਦਾ ਹੈ।

## ਬਿਜਾਈ ਦਾ ਸਮਾਂ

ਬੀਜ ਵਾਲੀ ਫ਼ਸਲ ਦੀ ਬਿਜਾਈ 5 ਤੋਂ 15 ਅਕਤੂਬਰ ਤਕ ਕਰ ਦੇਣੀ ਚਾਹੀਦੀ ਹੈ। ਬਿਜਾਈ ਦਾ ਫ਼ਾਸਲਾ 50 ਸੈਂਟੀਮੀਟਰ ਗੁਣਾ 15 ਸੈਂਟੀਮੀਟਰ ਰੱਖਣਾ ਚਾਹੀਦਾ ਹੈ। ਫ਼ਸਲ ਬੀਜਣ ਤੋਂ ਪਹਿਲਾਂ ਖੇਤ 'ਚ ਹਰੀ ਖਾਦ ਪਾਓ ਤੇ 2-3 ਸਾਲ ਦੇ ਫ਼ਸਲੀ ਚੱਕਰ ਅਪਣਾਓ। ਇਸ ਨਾਲ ਆਲੂ ਦੇ ਬੀਜ ਦੀ ਗੁਣਵੱਤਾ 'ਚ ਸੁਧਾਰ ਆਉਂਦਾ ਹੈ।

**ਝਾੜ**

ਆਲੂ ਦਾ ਝਾੜ ਉਸ ਦੀ ਕਿਸਮ, ਫ਼ਸਲ ਦੇ ਸਮੇਂ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਉੱਪਰ ਨਿਰਭਰ ਕਰਦਾ ਹੈ। ਇਕ ਏਕੜ ਬੀਜ ਵਾਲੀ ਫ਼ਸਲ ਵਿੱਚੋਂ ਕਰੀਬ 8 ਤੋਂ 10 ਏਕੜ ਲਈ ਬੀਜ ਮਿਲ ਸਕਦਾ ਹੈ।

## ਬੀਜ ਦੀ ਸੋਧ

ਕੋਲਡ ਸਟੋਰ 'ਚੋਂ ਆਲੂ ਕੱਢਣ ਉਪਰੰਤ, ਬਿਮਾਰੀ ਵਾਲੇ ਆਲੂਆਂ ਨੂੰ ਛਾਂਟ ਕੇ ਵੱਖ ਕਰ ਲਵੋ ਤੇ ਉਨ੍ਹਾਂ ਨੂੰ ਜ਼ਮੀਨ 'ਚ ਡੂੰਘਾ ਦਬਾਅ ਦੇਵੋ। ਬੀਜ ਨੂੰ ਖਰੀਂਢ ਰੋਗ, ਕਾਲੇ ਰੋਗ ਤੇ ਕੋਹੜ ਤੋਂ ਬਚਾਉਣ ਲਈ ਐਮੀਸਨ 2.5 ਗ੍ਰਾਮ ਪ੍ਰਤੀ ਲਿਟਰ ਪਾਣੀ ਜਾਂ ਮੋਨਸਰਨ 2.5 ਮਿਲੀਲਿਟਰ ਪ੍ਰਤੀ ਲਿਟਰ ਪਾਣੀ ਦੇ ਘੋਲ 'ਚ 10 ਮਿੰਟ ਡੁਬੋ ਕੇ ਰੱਖੋ। ਬੀਜ ਨੂੰ ਬਿਜਾਈ ਤੋਂ 10-15 ਦਿਨ ਪਹਿਲਾਂ ਕੋਲਡ ਸਟੋਰ ਵਿੱਚੋਂ ਕੱਢ ਕੇ ਸੁਕਾ ਲਵੋ ਤੇ ਫਿਰ ਘੱਟ ਠੰਡੇ ਥਾਂ 'ਤੇ, ਜਿਥੇ ਤੇਜ਼ ਰੋਸ਼ਨੀ ਨਾ ਹੋਵੇ ਫੁਟਾਰਾ ਆਉਣ ਲਈ ਖਿਲਾਰ ਦਿਓ। ਆਲੂਆਂ 'ਤੇ ਆਇਆ ਇਹ ਫੁਟਾਰਾ ਆਲੂ ਦੇ ਜ਼ਮੀਨ ਵਿੱਚੋਂ ਬਾਹਰ ਨਿਕਲਣ, ਜ਼ਿਆਦਾ ਆਲੂ ਪੈਣ, ਬੀਜ ਵਾਲੇ ਅਕਾਰ ਦੇ ਜ਼ਿਆਦਾ ਆਲੂ ਬਣਨ 'ਚ ਸਹਾਈ ਹੁੰਦਾ ਹੈ। ਫੁਟਾਰੇ ਵਾਲੇ ਆਲੂ (40 ਤੋਂ 80 ਗ੍ਰਾਮ) ਜ਼ਿਆਦਾ ਮਾਤਰਾ 'ਚ ਬੀਜ ਵਾਲੇ ਆਲੂ ਪੈਦਾ ਕਰਦੇ ਹਨ ਜੋ ਵਿਸ਼ਾਣੂ ਰੋਗ ਤੋਂ ਰਹਿਤ ਹੁੰਦੇ ਹਨ।

## ਕੀਟਾਂ ਤੋਂ ਬਚਾਅ

ਬੀਜ ਵਾਲੀ ਫ਼ਸਲ ਨੂੰ ਰਸ ਚੂਸਣ ਵਾਲੇ ਕੀੜਿਆਂ ਤੋਂ ਬਚਾਉਣ ਲਈ ਥਿਮਟ 10 ਜੀ (ਫੋਰੇਟ) 5 ਕਿੱਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਬੀਜਾਈ ਵੇਲੇ ਖੇਤ 'ਚ ਪਾਓ। ਇਸ ਤੋਂ ਬਾਅਦ 300 ਮਿਲੀਲਿਟਰ ਮੈਟਾਸਿਸਟੌਕਸ 20 ਤਾਕਤ 100 ਲਿਟਰ ਪਾਣੀ 'ਚ ਘੋਲ ਕੇ 40-45 ਦਿਨਾਂ ਬਾਅਦ ਸਪਰੇਅ ਕਰੋ।

## ਬਿਮਾਰੀਆਂ ਦੀ ਰੋਕਥਾਮ

ਤੇਲਾ ਫ਼ਸਲ ਉੱਪਰ ਵਿਸ਼ਾਣੂ ਰੋਗ ਫੈਲਾਉਂਦਾ ਹੈ। ਇਨ੍ਹਾਂ ਰੋਗਾਂ ਵਿਚ ਪੱਤਿਆਂ ਦੇ ਮੁੜਣ ਦਾ ਰੋਗ, ਵਿਸ਼ਾਣੂ ਐਕਸ, ਵਿਸ਼ਾਣੂ ਵਾਈ ਤੇ ਵਿਸ਼ਾਣੂ-ਏ ਰੋਗ ਮੁੱਖ ਹਨ। ਵਿਸ਼ਾਣੂ ਰੋਗਾਂ 'ਤੇ ਕਾਬੂ ਪਾਉਣ ਲਈ ਆਲੂਆਂ ਉੱਪਰ ਬਿਜਾਈ ਵੇਲੇ ਮਿੱਟੀ ਦੀ ਮੋਟੀ ਪਰਤ ਚੜ੍ਹਾਓ। ਬੀਜ ਪੈਦਾ ਕਰਨ ਲਈ ਉਸ ਖੇਤ ਦੀ ਚੋਣ ਕਰੋ, ਜਿਸ 'ਚ ਆਲੂਆਂ ਦੇ ਖਰੀਂਢ ਰੋਗ, ਆਲੂਆਂ ਦਾ ਕੋਹੜ ਤੇ ਆਲੂਆਂ ਦਾ ਕਾਲਾ ਪੈਣਾ ਆਦਿ ਨਾ ਹੋਏ ਹੋਣ। ਬਿਮਾਰੀਆਂ ਦੇ ਹਮਲੇ ਤੋਂ ਬਚਾਅ ਲਈ ਇੰਡੋਫਿਲ ਐਮ-45 ਜਾਂ ਕਵਚ 500-700 ਗ੍ਰਾਮ ਪ੍ਰਤੀ ਏਕੜ, ਜਦੋਂ ਬੂਟੇ 20-25 ਸੈਂਟੀਮੀਟਰ ਦੇ ਹੋ ਜਾਣ ਤਾਂ ਸਪਰੇਅ ਕਰੋ ਅਤੇ 10 ਦਿਨਾਂ ਬਾਅਦ ਇਹ ਸਪਰੇਅ ਦੁਬਾਰਾ ਕਰੋ। ਬੀਜ ਵਾਲੀ ਫ਼ਸਲ ਦਾ ਬਿਜਾਈ ਤੋਂ 50, 65 ਤੇ 80 ਦਿਨ ਬਾਅਦ ਨਿਰੀਖਣ ਕਰੋ ਤਾਂ ਜੋ ਅਣਚਾਹੇ ਬੂਟੇ ਅਤੇ ਬਿਮਾਰੀ ਵਾਲੇ ਬੂਟੇ ਖੇਤ ਵਿੱਚੋਂ ਪੁੱਟੇ ਜਾ ਸਕਣ। ਫ਼ਸਲ ਨੂੰ ਝੁਲਸ ਰੋਗ ਤੋਂ ਬਚਾਉਣ ਲਈ ਨਵੰਬਰ ਦੇ ਪਹਿਲੇ ਹਫ਼ਤੇ ਤੋਂ ਐਂਟਰਾਕੋਲ ਜਾਂ ਇੰਡੋਫਿਲ ਐਮ-45 ਜਾਂ ਕਵਚ 500-700 ਗ੍ਰਾਮ ਪ੍ਰਤੀ ਏਕੜ ਜਾਂ ਕਾਪਰ ਆਕਸੀਕਲੋਰਾਈਡ 50 ਤਾਕਤ ਪਾਊਡਰ 750-1000 ਗ੍ਰਾਮ ਪ੍ਰਤੀ ਏਕੜ 250 ਤੋਂ 300 ਲਿਟਰ ਪਾਣੀ ਵਿਚ ਘੋਲ ਕੇ ਹਫ਼ਤੇ-ਹਫ਼ਤੇ ਦੇ ਵਕਫ਼ੇ 'ਤੇ ਪੰਜ ਸਪਰੇਅ ਕਰੋ। ਜੇ ਅਗੇਤਾ ਝੁਲਸ ਰੋਗ ਜ਼ਿਆਦਾ ਵਧ ਜਾਵੇ ਤਾਂ ਦੂਜੀ ਤੇ ਤੀਜੀ ਸਪਰੇਅ ਵੇਲੇ ਉਕਤ ਦਵਾਈਆਂ ਦੀ ਥਾਂ ਕਰੁਜ਼ੇਟ ਐੱਮ-8 ਜਾਂ ਰਿਡੋਮਿਲ ਗੋਲਡ ਦੀ 700 ਗ੍ਰਾਮ ਮਾਤਰਾ ਪ੍ਰਤੀ ਏਕੜ ਦੇ ਹਿਸਾਬ ਨਾਲ ਸਪਰੇਅ ਕਰੋ।

## ਤੇਲੇ ਦੀ ਰੋਕਥਾਮ

ਨਦੀਨ ਨਾਸ਼ਕਾਂ ਦੀ ਵਰਤੋਂ ਨਾਲ ਖੇਤ ਵਿਚਲੇ ਤੇ ਨੇੜਲੇ ਨਦੀਨਾਂ ਨੂੰ ਖਤਮ ਕਰ ਦਿਓ, ਕਿਉਂਕਿ ਤੇਲਾ ਇਨ੍ਹਾਂ ਨਦੀਨਾਂ ਉੱਪਰ ਪਲਦਾ ਹੈ। ਨਦੀਨਾਂ ਦੀ ਰੋਕਥਾਮ ਲਈ ਸਟੌਂਪ 30 ਤਾਕਤ (ਪੈਂਡੀਮੈਥਾਲਿਨ) ਇਕ ਲਿਟਰ ਪ੍ਰਤੀ ਏਕੜ ਜਾਂ ਐਰੀਲੋਨ 75 ਤਾਕਤ (ਆਈਸੋਪਰੋਟਯੂਰਾਨ) 500 ਗ੍ਰਾਮ/ਏਕੜ ਜਾਂ ਸੈਨਕੋਰ 70 ਤਾਕਤ 200 ਗ੍ਰਾਮ ਪ੍ਰਤੀ ਏਕੜ ਨਦੀਨਾਂ ਦੇ ਜੰਮ ਤੋਂ ਪਹਿਲਾਂ ਤੇ ਪਹਿਲੇ ਪਾਣੀ ਤੋਂ ਬਾਅਦ ਖੇਤ 'ਚ ਸਪਰੇਅ ਕਰੋ। ਇਸ ਤੋਂ ਇਲਾਵਾ ਰੋਗਰ 30 ਤਾਕਤ 300 ਗ੍ਰਾਮ ਪ੍ਰਤੀ ਏਕੜ ਜਾਂ ਮੈਟਾਸਿਸਟੌਕਸ 25 ਤਾਕਤ ਤੇਲੇ ਦੀ ਆਮਦ ਵੇਲੇ ਤੇ ਇਕ ਸਪਰੇਅ ਬਾਅਦ ਚ 10 ਦਿਨ ਦੇ ਫ਼ਰਕ 'ਤੇ ਹੋਰ ਕਰੋ। 25 ਦਸੰਬਰ ਦੇ ਨੇੜੇ ਜਦੋਂ ਆਲੂ 50 ਗ੍ਰਾਮ ਦੇ ਕਰੀਬ ਹੋ ਜਾਣ ਅਤੇ ਤੇਲੇ ਦੀ ਗਿਣਤੀ 20 ਤੇਲੇ ਪ੍ਰਤੀ 100 ਪੱਤਾ ਹੋਵੇ ਤਾਂ ਬੂਟਿਆਂ ਦੇ ਪੱਤੇ ਕੱਟ ਦਿਓ। ਪੱਤਿਆਂ ਨੂੰ ਮਾਰਨ ਲਈ ਗਰਾਮੈਕਸੋਨ 1 ਲਿਟਰ ਦੀ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋਂ ਕਰੋ।

## ਸਿੰਚਾਈ

ਪਹਿਲਾ ਪਾਣੀ ਬਿਜਾਈ ਤੋਂ ਫੌਰਨ ਬਾਅਦ ਦਿਓ, ਜਿਸ ਨਾਲ ਬੂਟੇ ਜਲਦੀ ਜ਼ਮੀਨ ਤੋਂ ਬਾਹਰ ਆ ਜਾਂਦੇ ਹਨ। ਫਿਰ ਹਲਕੀ ਸਿੰਚਾਈ ਵਾਰ-ਵਾਰ ਕੀਤੀ ਜਾਵੇ ਤਾਂ ਜੋ ਆਲੂ ਦੀ ਫ਼ਸਲ ਵਧੀਆ ਹੋਵੇ। ਖ਼ਿਆਲ ਰੱਖੋ ਕਿ ਸਿੰਚਾਈ ਦਾ ਪਾਣੀ ਵੱਟਾਂ ਦੇ ਉੱਪਰ ਨਾ ਚੜ੍ਹੇ ਇਸ ਨਾਲ ਵੱਟਾਂ ਦੀ ਮਿੱਟੀ ਸੁੱਕ ਕੇ ਸਖ਼ਤ ਹੋ ਜਾਂਦੀ ਹੈ ਤੇ ਆਲੂਆਂ ਦੇ ਜ਼ਮੀਨ 'ਚੋਂ ਬਾਹਰ ਨਿਕਲਣ 'ਚ ਅੜਚਨ ਪੈਦਾ ਹੁੰਦੀ ਹੈ। ਬਾਅਦ ਵਿਚ 8 ਤੋਂ 10 ਦਿਨ ਬਾਅਦ ਸਿੰਚਾਈ ਕਰਦੇ ਰਹੋ। ਦਸੰਬਰ ਦੇ ਅੱਧ ਤਕ ਪਾਣੀ ਘਟਾ ਦਿਓ ਤੇ ਦਸੰਬਰ ਦੇ ਅਖ਼ੀਰ ਵਿਚ ਸਿੰਚਾਈ ਬਿਲਕੁਲ ਬੰਦ ਕਰ ਦਿਓ ਤਾਂ ਜੋ ਆਲੂ ਦੇ ਪੱਤੇ ਤੇਲੇ ਦੇ ਵਧਣ ਤੋਂ ਪਹਿਲਾਂ ਹੀ ਸੁੱਕ ਜਾਣ। •

**ਮੋਬਾਈਲ 99157-31974**



---

# ਹਰਮਨ ਪਿਆਰਾ ਫੁੱਲ ਗੁਲਦਾਉਦੀ

• ਮਧੂ ਬਾਲਾ, ਐੱਚਐੱਸ ਗਰੇਵਾਲ

***ਫਲੋਰੀਕਲਚਰ 'ਚ ਗੁਲਦਾਉਦੀ ਦੇ ਫੁੱਲ ਦਾ ਅਹਿਮ ਸਥਾਨ ਹੈ। ਸਜਾਵਟ ਤੋਂ ਇਲਾਵਾ ਇਸ ਦਾ ਬਾਜ਼ਾਰੀਕਰਨ ਕਰ ਕੇ ਮੁਨਾਫ਼ਾ ਕਮਾਇਆ ਜਾ ਸਕਦਾ ਹੈ। ਇਸ ਦੇ ਲਈ ਇਸ ਦੀ ਬਿਜਾਈ ਤੇ ਸਾਂਭ-ਸੰਭਾਲ ਬਾਰੇ ਜਾਣਕਾਰੀ ਲਾਜ਼ਮੀ ਹੈ...***

ਗੁਲਦਾਉਦੀ ਇਕ ਖ਼ੂਬਸੂਰਤ ਫੁੱਲ ਹੈ, ਜੋ ਵੱਖ-ਵੱਖ ਰੰਗਾਂ ਤੇ ਕਿਸਮਾਂ ਦਾ ਹੁੰਦਾ ਹੈ। ਇਸ ਫੁੱਲ ਦਾ ਜ਼ਿਕਰ ਪੰਜਾਬੀ ਦੇ ਮਹਾਨ ਕਵੀ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਵਿਚ ਵੀ ਮਿਲਦਾ ਹੈ। ਗੁਲਦਾਉਦੀ ਪਹਿਲਾਂ ਚੀਨ ਦੇਸ਼ ਵਿਚ ਉਗਾਈ ਜਾਂਦੀ ਸੀ। ਬਾਅਦ ਵਿਚ ਇਹ ਫੁੱਲ ਕੋਰੀਆ ਰਾਹੀ ਜਾਪਾਨ ਤੇ ਹੋਰਨਾ ਦੇਸ਼ਾ ਵਿਚ ਵੀ ਪੁੱਜਾ। ਗੁਲਦਾਉਦੀ ਇਕ ਚਿਰਸਥਾਈ ਬੂਟਾ ਹੈ, ਜਿਸ ਨੂੰ ਲੰਬਾ ਸਮਾਂ ਚੱਲਣ ਵਾਲੇ ਫੁੱਲਾਂ ਸਦਕਾ ਪਸੰਦ ਕੀਤਾ ਜਾਂਦਾ ਹੈ। ਬਹੁਤ ਘੱਟ ਪੌਦੇ ਅਜਿਹੇ ਹਨ ਜੋ ਪਤਝੜ ਵਿਚ ਵੀ ਫੁੱਲ ਦਿੰਦੇ ਹਨ। ਇਸ ਵਿਸ਼ੇਸ਼ਤਾ ਕਾਰਨ ਇਸ ਨੂੰ 'ਪਤਝੜ ਦੀ ਰਾਣੀ' ਕਿਹਾ ਜਾਂਦਾ ਹੈ। ਗੁਲਦਾਉਦੀ ਦੇ ਫੁੱਲਾਂ ਦੀ ਵਰਤੋਂ ਡੰਡੀਆਂ ਕੱਟ ਕੇ ਪਾਣੀ 'ਚ ਰੱਖ ਕੇ ਸਜਾਵਟ ਲਈ ਤੇ ਗੁਲਦਸਤੇ ਬਣਾਉਣ ਲਈ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਡੰਡੀ ਰਹਿਤ ਕਿਸਮਾਂ ਹਾਰ ਤੇ ਲੜੀਆਂ ਬਣਾਉਣ ਲਈ ਵਰਤੀਆਂ ਜਾਂਦੀਆਂ ਹਨ। ਮਧਰੀਆਂ ਕਿਸਮਾਂ ਦੀ ਵਰਤੋਂ ਗਮਲਿਆਂ ਵਿਚ ਲਗਾ ਕੇ ਅਤੇ ਜ਼ਿਆਦਾ ਫ਼ੈਲਣ ਵਾਲੀਆਂ ਕਿਸਮਾਂ ਕਿਆਰੀਆਂ ਵਿਚ ਲਗਾਉਣ ਲਈ ਢੁਕਵੀਆਂ ਮੰਨੀਆਂ ਜਾਂਦੀਆਂ ਹਨ।

### ਫੁੱਲਾਂ ਦੀ ਕਟਾਈ

*ਗੁਲਦਾਉਦੀ ਦੇ ਬੂਟਿਆਂ ਤੋਂ ਨਵੰਬਰ-ਦਸੰਬਰ ਦੇ ਮਹੀਨੇ ਵਿਚ ਮੰਡੀ ਦੇ ਹਿਸਾਬ ਨਾਲ ਫੁੱਲਾਂ ਦੀ ਤੁੜਾਈ ਕੀਤੀ ਜਾਂਦੀ ਹੈ। ਡੰਡੀਦਾਰ ਫੁੱਲਾਂ ਵਾਲੀਆਂ ਕਿਸਮਾਂ ਦੀ ਤੁੜਾਈ ਫੁੱਲਾਂ ਦੇ ਅੱਧੇ ਖਿੜਨ 'ਤੇ ਕੀਤੀ ਜਾਂਦੀ ਹੈ। ਡੰਡੀ ਰਹਿਤ ਕਿਸਮਾਂ ਦੀ ਤੁੜਾਈ ਫੁੱਲਾਂ ਦੇ ਪੂਰੇ ਖਿੜਨ 'ਤੇ ਕੀਤੀ ਜਾਂਦੀ ਹੈ। ਜਾਪਾਨੀ ਕਿਸਮਾਂ ਦੇ ਫੁੱਲਾਂ ਦੀ ਕਟਾਈ ਪੂਰੇ ਖੁੱਲ੍ਹਣ 'ਤੇ ਪਰ ਕੇਂਦਰੀ ਡ੍ਰਿਸਕ ਦੇ ਖੁੱਲ੍ਹਣ ਤੋਂ ਪਹਿਲਾਂ ਕੀਤੀ ਜਾਂਦੀ ਹੈ। ਫੁੱਲਾਂ ਦੀ ਕਟਾਈ ਸਵੇਰੇ ਕਰਨੀ ਚਾਹੀਦੀ ਹੈ।*

## ਪ੍ਰਮਾਣਤ ਕਿਸਮਾਂ

**ਡੰਡੀਦਾਰ ਕਿਸਮਾਂ** : ਪੰਜਾਬ ਸਿਆਮਲੀ (ਜਾਮਣੀ ਤੇ ਗੂੜ੍ਹਾ ਜਾਮਣੀ ਕੇਂਦਰ, ਪੌਮਪੌਨ) ਰੀਗਨ ਐਂਪਰਰ (ਗੁਲਾਬੀ, ਸਿੰਗਲ ਕੋਰੀਅਨ) ਰੀਗਨ ਵਾਈਟ (ਸਫ਼ੈਦ, ਸਿੰਗਲ ਕੋਰੀਅਨ), ਕੈਲਵਿਨ ਮੈਂਡਰਿਨ (ਸੰਤਰੀ, ਪੌਮਪੌਨ), ਕੈਲਵਿਨ ਟੈਟੂ (ਪੀਲਾ ਤੇ ਲਾਲ ਕੇਂਦਰ, ਪੌਮਪੌਨ), ਯੈਲੋ ਡੀਲਾਈਟ (ਪੀਲਾ, ਪੌਮਪੌਨ)।

**ਡੰਡੀ ਰਹਿਤ ਕਿਸਮਾਂ** : ਬੀਰਬਰ ਸਾਹਨੀ (ਸਫ਼ੈਦ, ਪੌਮਪੌਨ), ਬੱਗੀ (ਸਫ਼ੈਦ ਤੇ ਪੌਮਪੌਨ), ਰਤਲਾਮ ਸਿਲੈਕਸ਼ਨ (ਕਰੀਮ ਸਫ਼ੈਦ, ਡੈਕੋਰੇਟਿਵ)

**ਗਮਲਿਆਂ ਲਈ ਕਿਸਮਾਂ** : ਮਦਰ ਟੈਰੇਸਾ (ਸਫ਼ੈਦ ਕਰੀਮ, ਐਨੀਮੋਨ), ਪੰਜਾਬ ਗੋਲਡ (ਪੀਲਾ, ਕੋਰੀਅਨ ਡਬਲ) ਯੈਲੋ ਚਾਰਮ (ਪੀਲਾ, ਸਿੰਗਲ ਕੋਰੀਅਨ), ਅਨਮੋਲ (ਪੀਲਾ, ਸਿੰਗਲ ਕੋਰੀਅਨ), ਰੋਇਲ ਪਰਪਲ (ਜਾਮਣੀ, ਐਨੀਮੋਨ)

**ਕਿਆਰੀਆਂ ਲਈ ਕਿਸਮਾਂ** : ਆਟਮ ਜੋਆਇ (ਗੁਲਾਬੀ, ਡੈਕੋਰੇਟਿਵ), ਗਾਰਡਨ ਬਿਊਟੀ (ਮਹਿਰੂਨ, ਸਪੂਨ), ਵਿੰਟਰ ਕੁਈਨ (ਗੁਲਾਬੀ, ਸਪੂਨ)।

## ਵਰਗੀਕਰਨ

ਗੁਲਦਾਉਦੀ ਨੂੰ ਫੁੱਲਾਂ ਦੇ ਅਕਾਰ ਤੇ ਬਣਤਰ ਅਨੁਸਾਰ ਦੋ ਮੁੱਖ ਸ਼੍ਰੇਣੀਆਂ 'ਚ ਵੰਡਿਆ ਜਾਂਦਾ ਹੈ :

**ਜਾਪਾਨੀ (ਸਟੈਂਡਰਡ)** : ਇਸ ਸ਼੍ਰੇਣੀ ਵਿਚ ਇਕ ਬੂਟੇ ਉੱਪਰ ਇਕ ਤੋਂ ਤਿੰਨ ਫੁੱਲ ਲੈਣ ਲਈ ਬੂਟਿਆਂ ਦੀ ਸਿਧਾਈ ਕੀਤੀ ਜਾਂਦੀ ਹੈ ਕਿਉਂਕਿ ਇਸ ਵਿਚ ਵੱਡੇ ਆਕਾਰ ਦੇ ਫੁੱਲ ਦੇਣ ਦੀ ਸਮਰਥਾ ਹੁੰਦੀ ਹੈ। ਇਹ ਬੂਟੇ ਤਿਆਰ ਕਰਨ ਲਈ ਜੁਲਾਈ-ਸਤੰਬਰ ਵਿਚ ਬੂਟਿਆਂ ਦੇ ਸਿਰਿਆਂ ਤੋਂ ਕਲਮਾਂ (5-7 ਸੈਮੀ) ਜੜ੍ਹਾਂ ਬਣਾ ਕੇ ਲਗਾਈਆਂ ਜਾਂਦੀਆਂ ਹਨ। ਇਨ੍ਹਾਂ ਬੂਟਿਆਂ ਉੱਪਰ ਨਵੰਬਰ-ਦਸੰਬਰ ਦੇ ਮਹੀਨੇ ਦੌਰਾਨ ਫੁੱਲ ਆਉਂਦੇ ਹਨ। ਫਰਵਰੀ ਤੋਂ ਅੱਧ ਮਾਰਚ ਵਿਚ ਜੜੂਏ ਵੱਢ ਕੇ (30 ਸੈ.ਮੀ) ਲਗਾਏ ਜਾਂਦੇ ਹਨ, ਜਿਨ੍ਹਾਂ ਤੋਂ ਜੁਲਾਈ ਮਹੀਨੇ ਵਿਚ ਕਟਿੰਗ ਤਿਆਰ ਕੀਤੀ ਜਾਂਦੀ ਹੈ।

### ਬੂਟਿਆਂ ਨੂੰ ਮੜ੍ਹੱਛਣਾ ਤੇ ਅੱਖਾਂ ਤੋੜਨਾ

*ਗੁਲਦਾਉਦੀ ਦੀ ਕਾਸ਼ਤ ਲਈ ਇਹ ਇਕ ਮਹੱਤਵਪੂਰਨ ਵਿਧੀ ਹੈ। ਮੜ੍ਹਛਣ ਦਾ ਮੁੱਖ ਮੰਤਵ ਸਿਰੇ ਵਾਲੀ ਅੱਖ ਦੀ ਪ੍ਰਧਾਨਗੀ ਖ਼ਤਮ ਕਰ ਕੇ ਪਾਸੇ ਵਾਲੀਆਂ ਟਾਹਣੀਆਂ ਦੇ ਵਾਧੇ ਦੀ ਰਫ਼ਤਾਰ ਨੂੰ ਤੇਜ਼ ਕਰਨਾ ਹੈ। ਇਹ ਕਾਰਵਾਈ ਬੂਟੇ ਲਾਉਣ ਤੋਂ 4 ਅਤੇ 7 ਹਫ਼ਤੇ ਬਾਅਦ ਕੀਤੀ ਜਾਂਦੀ ਹ ਤੇ ਜ਼ਰੂਰਤ ਅਨੁਸਾਰ ਦੁਹਰਾਈ ਜਾ ਸਕਦੀ ਹੈ। ਇਹ ਆਮ ਤੌਰ 'ਤੇ ਕੋਰੀਅਨ ਕਿਸਮਾਂ 'ਚ ਕੀਤੀ ਜਾਂਦੀ ਹੈ। ਪਾਸੇ ਵਾਲੀਆਂ ਅੱਖਾਂ ਤੋੜਨਾ ਆਮ ਤੌਰ 'ਤੇ ਜਾਪਾਨੀ ਕਿਸਮਾਂ ਵਿਚ ਕੀਤਾ ਜਾਂਦਾ ਹੈ। ਸਿਰੇ ਦੀਆਂ 1 ਤੋਂ 3 ਅੱਖਾਂ ਛੱਡ ਕੇ ਬਾਕੀ ਸਾਰੀਆਂ ਅੱਖਾਂ ਤੋੜ ਦਿੱਤੀਆਂ ਜਾਂਦੀਆਂ ਹਨ ਤਾਂਕਿ ਮੁੱਖ ਟਾਹਣੀ ਉੱਤੇ ਵੱਡੇ ਆਕਾਰ ਦਾ ਫੁੱਲ ਆ ਸਕੇ। ਇਹ ਪ੍ਰਤੀਕਿਰਿਆ ਪਹਿਲੀ ਵਾਰ ਅਗਸਤ ਅਤੇ ਦੂਸਰੀ ਵਾਰ ਸਤੰਬਰ ਵਿਚ ਦੁਹਰਾਈ ਜਾਂਦੀ ਹੈ।*



**ਕੋਰੀਅਨ (ਸਪਰੇਅ)** : ਇਸ ਸ਼੍ਰੇਣੀ ਵਿਚ ਛੋਟੇ ਫੁੱਲਾਂ ਵਾਲੀਆਂ ਕਿਸਮਾਂ ਆਉਂਦੀਆਂ ਹਨ ਪ੍ਰੰਤੂ ਟਾਹਣੀਆਂ ਉੱਤੇ ਫੁੱਲਾਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ ਜੋ ਸਟੈਂਡਰਡ ਜਾਂ ਜਾਪਾਨੀ ਸ਼੍ਰੇਣੀ ਦੀ ਤੁਲਨਾ 'ਚ ਘੱਟ ਉੱਚੀਆਂ ਹੁੰਦੀਆਂ ਹਨ। ਇਹ ਕਿਸਮਾਂ ਫੁੱਲਾਂ ਅਤੇ ਟਾਹਣੀਆਂ ਦੀ ਗਿਣਤੀ ਜ਼ਿਆਦਾ ਹੋਣ ਕਰਕੇ ਗਮਲੇ ਤੇ ਕਿਆਰੀਆਂ ਵਿਚ ਭਰਵੇਂ ਬੂਟੇ ਬਣਾਉਂਦੀਆਂ ਹਨ।

### ਬੂਟੇ ਤਿਆਰ ਕਰਨ ਦਾ ਸਮਾਂ

*ਕਲਮਾਂ ਦੁਆਰਾ ਬੂਟੇ ਤਿਆਰ ਕਰਨ ਦਾ ਢੁਕਵਾਂ ਸਮਾਂ ਜੂਨ ਮੱਧ ਤੋਂ ਜੁਲਾਈ ਅੰਤ ਤਕ ਹੈ। ਜੜੂਏਂ ਨਿਖੇੜਨ ਤੇ ਬੂਟੇ ਤਿਆਰ ਕਰਨ ਦਾ ਸਮਾਂ ਫਰਵਰੀ ਤੋਂ ਅੱਧ ਮਾਰਚ ਹੈ। ਗੁਲਦਾਉਦੀ ਦੀ ਕਿਸਮ ਤੇ ਲਗਾਉਣ ਦੇ ਸਮੇਂ ਅਨੁਸਾਰ ਬੂਟਿਆਂ ਵਿਚਲਾ ਫ਼ਾਸਲਾ 20-30 ਸੈ.ਮੀ ਰੱਖੋ। ਕੋਰੀਅਨ ਕਿਸਮਾਂ 30-30 ਸੈ.ਮੀ ਦੇ ਫ਼ਾਸਲੇ 'ਤੇ ਲਗਾਈਆਂ ਜਾਂਦੀਆਂ ਹਨ।*

### ਸਹਾਰਾ ਦੇਣਾ

*ਗੁਲਦਾਉਦੀ ਦੇ ਬੂਟਿਆਂ ਨੂੰ ਸਹਾਰਾ ਦੇਣਾ ਲਾਜ਼ਮੀ ਹੁੰਦਾ ਹੈ। ਜਾਪਾਨੀ ਕਿਸਮਾਂ ਲਈ ਮੁੱਖ ਟਾਹਣੀ ਦੀ ਗਿਣਤੀ ਜਾਂ ਫੁੱਲਾਂ ਦੀ ਗਿਣਤੀ ਅਨੁਸਾਰ ਸਹਾ ਰੇ ਲਗਾਉਣੇ ਚਾਹੀਦੇ ਹਨ। ਕੋਰੀਅਨ ਕਿਸਮਾਂ ਵਿਚ ਬੂਟੇ ਦੁਆਲੇ 4-5 ਟਾਹਣੀਆਂ ਗੱਡ ਕੇ ਉਨ੍ਹਾਂ ਦੁਆਲੇ ਉੱਪਰ ਤੋਂ ਹੇਠਾਂ ਵੱਲ ਡੋਰੀ ਬੰਨ੍ਹੀ ਜਾਂਦੀ ਹੈ ਤੇ ਬੂਟਿਆਂ ਨੂੰ ਪਾਸਿਆਂ ਤੋਂ ਸਹਾਰਾ ਦਿੱਤਾ ਜਾਂਦਾ ਹੈ।*

## ਪਸਾਰ ਦਾ ਤਰੀਕਾ

ਆਮ ਤੌਰ 'ਤੇ ਗੁਲਦਾਉਦੀ ਦੇ ਬੂਟੇ ਕਲਮਾਂ ਤੇ ਜੜੂਏ ਤੋਂ ਤਿਆਰ ਕੀਤੇ ਜਾਂਦੇ ਹਨ। ਪਸਾਰ ਦਾ ਮੁੱਖ ਤਰੀਕਾ ਨਰੋਏ ਬੂਟਿਆਂ ਦੇ ਟੂਸਿਆਂ ਦੀਆਂ ਕਲਮਾਂ (5-7 ਸੈਮੀ) ਬਣਾ ਕੇ ਹੁੰਦਾ ਹੈ। ਹੇਠਲੇ ਪੱਤੇ ਪੂਰੀ ਤਰ੍ਹਾਂ ਤੋੜ ਦਿੱਤੇ ਜਾਂਦੇ ਹਨ। ਕਲਮਾਂ ਦਾ ਹੇਠਲਾ ਸਿਰਾ 500 ਪੀਪੀਐੱਮ ਆਈਬੀਏ ਦੇ ਘੋਲ ਵਿਚ ਸੋਧਣ ਉਪਰੰਤ ਰੇਤ ਜਾਂ ਸੜੀ ਹੋਈ ਝੋਨੇ ਦੀ ਫੱਕ 'ਚ ਲਗਾਇਆ ਜਾਂਦਾ ਹੈ। ਕਲਮਾਂ ਛਾਂਦਾਰ ਜਗ੍ਹਾ ਰੱਖੀਆਂ ਜਾਂਦੀਆਂ ਹਨ ਤੇ ਇਨ੍ਹਾਂ ਨੂੰ ਲੋੜ ਅਨੁਸਾਰ ਪਾਣੀ ਦਿੱਤਾ ਜਾਂਦਾ ਹੈ। ਕਲਮਾਂ ਨੂੰ ਗਲਣ ਤੋਂ ਬਚਾਉਣ ਲਈ ਸਿੰਚਾਈ ਸਮੇਂ 2-3 ਵਾਰ ਡਾਈਥੇਨ ਐੱਮ-45 ਦਾ 0.2 ਫ਼ੀਸਦੀ ਪ੍ਰਤੀ ਲਿਟਰ ਦੇ ਹਿਸਾਬ ਨਾਲ ਘੋਲ ਪਾਉਣਾ ਚਾਹੀਦਾ ਹੈ। 2-3 ਹਫ਼ਤੇ ਵਿਚ ਕਲਮਾਂ ਦੀਆਂ ਜੜ੍ਹਾਂ ਨਿਕਲ ਆਉਂਦੀਆਂ ਹਨ। ਇਹ ਤਿਆਰ ਕਲਮਾਂ ਗਮਲੇ ਅਤੇ ਕਿਆਰੀਆਂ 'ਚ ਲਗਾਈਆਂ ਜਾ ਸਕਦੀਆਂ ਹਨ।

ਜੜੂਏਂ ਪੈਦਾ ਕਰਨ ਲਈ ਫੁੱਲ ਖਤਮ ਹੋਣ ਤੋਂ ਬਾਅਦ ਬੂਟਿਆਂ ਨੂੰ ਜ਼ਮੀਨ ਨੇੜਿਓਂ ਕੱਟ ਦਿੱਤਾ ਜਾਂਦਾ ਹੈ। ਬੂਟਿਆਂ ਨੂੰ ਨਿਖੇੜ ਕੇ ਵੀ ਗਮਲੇ ਤੇ ਕਿਆਰੀਆਂ 'ਚ ਲਗਾਇਆ ਜਾਂਦਾ ਹੈ। ਟਿਸ਼ੂ ਕਲਚਰ ਤੇ ਬੀਜਾਂ ਰਾਹੀ ਵੀ ਗੁਲਦਾਉਦੀ ਦੇ ਬੂਟੇ ਤਿਆਰ ਕੀਤੇ ਜਾ ਸਕਦੇ ਹਨ। ਟਿਸ਼ੂ ਕਲਚਰ ਰਾਹੀਂ ਬੂਟਿਆਂ ਦੇ ਬਹੁਤ ਛੋਟੇ ਭਾਗ ਜਿਵੇਂ ਪੱਤੇ, ਫੁੱਲ ਜਾਂ ਟਾਹਣੀ ਦੇ ਛੋਟੇ ਹਿੱਸੇ ਰਾਹੀ ਵੱਡੀ ਗਿਣਤੀ 'ਚ ਬੂਟੇ ਤਿਆਰ ਕੀਤੇ ਜਾ ਸਕਦੇ ਹਨ। ਬੀਜਾਂ ਦੀ ਵਰਤੋਂ ਗੁਲਦਾਉਦੀ ਦੀਆਂ ਨਵੀਆਂ ਕਿਸਮਾਂ ਤਿਆਰ ਕਰਨ ਲਈ ਕੀਤੀ ਜਾਂਦੀ ਹੈ।

## ਬਿਮਾਰੀਆਂ ਤੇ ਕੀੜੇ

**ਪਤਾ ਧੱਬਾ ਰੋਗ** : ਗੁਲਦਾਉਦੀ ਦੇ ਇਸ ਰੋਗ ਵਿਚ ਪੱਤਿਆਂ 'ਤੇ ਛੋਟੇ-ਛੋਟੇ ਲਾਲ-ਭੂਰੇ ਧੱਬੇ ਪੈ ਜਾਂਦੇ ਹਨ, ਜੋ ਬਾਅਦ ਵਿਚੇ ਫੈਲ ਜਾਂਦੇ ਹਨ। ਬਿਮਾਰੀ ਦੀਆਂ ਨਿਸ਼ਾਨੀਆਂ ਸ਼ੁਰੂ ਹੁੰਦੇ ਹੀ 2 ਗ੍ਰਾਮ ਮੈਨਕੋਜ਼ੈਬ 75 ਫ਼ੀਸਦੀ ਪ੍ਰਤੀ ਲਿਟਰ ਦੇ ਹਿਸਾਬ ਨਾਲ 7 ਤੋਂ 10 ਦਿਨ ਦੇ ਵਕਫੇ 'ਤੇ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ।

**ਤੇਲਾ** : ਤੇਲਾ ਪੱਤੇ, ਤਣੇ, ਡੋਡੀਆਂ ਤੇ ਫੁੱਲਾਂ ਦਾ ਰਸ ਚੂਸ ਕੇ ਬੂਟਿਆਂ ਨੂੰ ਕਮਜ਼ੋਰ ਕਰਦਾ ਹੈ, ਜਿਸ ਨਾਲ ਫੁੱਲਾਂ ਦਾ ਆਕਾਰ ਛੋਟਾ ਰਹਿ ਜਾਂਦਾ ਹੈ ਤੇ ਡੋਡੀਆਂ ਅਣਖਿੜੀਆਂ ਰਹਿ ਜਾਂਦੀਆਂ ਹਨ। ਇਸ ਦੀ ਰੋਕਥਾਮ ਲਈ 30 ਈਸੀ ਡਾਈਮੈਥੋਏਟ 2 ਮਿਲੀਲਿਟਰ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਛਿੜਕਾਅ ਕਰੋ। ਇਸ ਤੋਂ ਇਲਾਵਾ ਭੰਬੂ ਕੁੱਤਾ ਸੁੰਡੀ ਮੁੱਖ ਤੌਰ 'ਤੇ ਪੱਤੇ ਖਾਂਦੀ ਹੈ। ਕਿਉਨੈਲੋਫਾਸ 25 ਈਸੀ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਛਿੜਕਾਅ ਕਰਨਾ ਚਾਹੀਦਾ ਹੈ। •

**ਮੋਬਾਈਲ 98886-27670**

# ਨੌਰਵੇ ਵਿੱਚ ਸਾਈਕਲ ਦੀ ਸ਼ਾਨ

ਨੌਰਵੇ ਦੁਨੀਆਂ ਦਾ ਇੱਕ ਖ਼ੂਬਸੂਰਤ ਤੇ ਠੰਢਾ ਮੁਲਕ ਹੈ। ਇਸ ਨੂੰ ਅੱਧੀ ਰਾਤ ਦੇ ਸੂਰਜ ਵਾਲਾ ਦੇਸ਼ ਵੀ ਕਿਹਾ ਜਾਂਦਾ ਹੈ। ਇਸ ਦਾ ਖੇਤਰਫਲ 3,85,185 ਵਰਗ ਕਿਲੋਮੀਟਰ ਹੈ ਤੇ ਇਹ ਦੁਨੀਆਂ ਭਰ ਵਿੱਚ 67ਵੇਂ ਨੰਬਰ 'ਤੇ ਹੈ। ਅੱਜ ਕੱਲ੍ਹ ਇੱਥੋਂ ਦੀ ਆਬਾਦੀ ਤਕਰੀਬਨ 50,38,842 ਹੈ ਜਿਸ ਵਿੱਚ 10,830 ਦੇ ਕਰੀਬ ਭਾਰਤੀ ਮੂਲ ਦੇ ਲੋਕ ਹਨ। ਇਹ ਦੁਨੀਆਂ ਦੇ ਅਮੀਰ ਦੇਸ਼ਾਂ 'ਚੋਂ ਇੱਕ ਹੈ। ਇਸ ਅਮੀਰ ਦੇਸ਼ ਦੇ ਅਮੀਰ ਲੋਕਾਂ ਦੀ ਇੱਕ ਗੱਲ ਬਹੁਤ ਹੀ ਚੰਗੀ ਹੈ ਕਿ ਇਹ ਵਧੀਆ ਕਾਰਾਂ ਦੇ ਨਾਲ-ਨਾਲ ਆਪਣੇ ਘਰਾਂ ਵਿੱਚ ਸਾਈਕਲ ਵੀ ਰੱਖਦੇ ਹਨ। ਕੰਮਾਂ-ਕਾਰਾਂ 'ਤੇ ਵੀ ਸਾਈਕਲ ਉੱਤੇ



ਜਾਂਦੇ ਹਨ। ਦੇਖਣ ਵਿੱਚ ਆਉਂਦਾ ਹੈ ਕਿ ਕਈ ਥਾਵਾਂ 'ਤੇ ਸੜਕ ਦੇ ਨੇੜੇ ਸਾਈਕਲ ਸਟੈਂਡ ਹਨ। ਸ਼ਹਿਰ ਦੇ ਅੰਦਰ ਬਣੇ ਇਨ੍ਹਾਂ ਸਾਈਕਲ ਸਟੈਂਡ ਵਾਲੇ ਸਾਈਕਲਾਂ ਨੂੰ 'ਸਿਟੀ ਸਾਈਕਲ' ਕਿਹਾ ਜਾਂਦਾ ਹੈ। ਸਿਟੀ ਸਾਈਕਲ, ਯੂਰਪ ਵਿੱਚ ਸਭ ਤੋਂ ਪਹਿਲਾਂ ਡੈਨਮਾਰਕ ਦੀ ਰਾਜਧਾਨੀ ਕੋਪਨਹੈਗਨ ਵਿੱਚ ਸ਼ੁਰੂ ਹੋਇਆ। ਨੌਰਵੇ ਦੇ ਪੰਜ ਵੱਡੇ ਸ਼ਹਿਰਾਂ 'ਚ ਸਿਟੀ ਸਾਈਕਲ ਦੀ ਸਹੂਲਤ ਹੈ। ਇਨ੍ਹਾਂ ਵਿੱਚ ਨੌਰਵੇ ਦੀ ਰਾਜਧਾਨੀ ਓਸਲੋ (+ਤ:ਰ), ਸੰਦਨਿਸ (ਛ ਥਰੋਂਦਹਾਇਮ ("ਗਰਮਵਕਿਜਨ), ਥੋਨਸਬਰਗ ("ਅਤਲਕਰਗਪ) ਤੇ ਦਰਮਨ (4ਗਠਰਕਮ) ਦੇ ਨਾਂ ਸ਼ਾਮਲ ਹਨ। ਇਹ ਸਾਈਕਲ ਲੋਕਾਂ ਨੇ ਨਹੀਂ ਸਗੋਂ ਲੋਕਾਂ ਲਈ ਇਨ੍ਹਾਂ ਸਟੈਂਡਾਂ 'ਤੇ ਖੜ੍ਹਾਏ ਜਾਂਦੇ ਹਨ। ਇਹ ਸਾਈਕਲ ਸਟੈਂਡ ਬਹੁਤੀ ਵਸੋਂ ਵਾਲੀਆਂ ਥਾਵਾਂ 'ਤੇ ਲੋਕਾਂ ਦੀ ਜ਼ਰੂਰਤ ਨੂੰ ਮੁੱਖ ਰੱਖ ਕੇ ਬਣਾਏ ਜਾਂਦੇ ਹਨ। ਇਹ ਸਾਈਕਲ ਸਟੈਂਡ ਪ੍ਰਾਈਵੇਟ ਕੰਪਨੀਆਂ ਦੇ ਹੁੰਦੇ ਹਨ। ਸਾਈਕਲਾਂ ਦੇ ਮਡਗਾਰਡਾਂ 'ਤੇ ਵੱਖ-ਵੱਖ ਇਸ਼ਤਿਹਾਰਾਂ (ਐਡਵਰਟਾਈਜ਼ਮੈਂਟ) ਵਾਲੇ ਸਟਿੱਕਰ ਲਗਾਏ ਹੁੰਦੇ ਹਨ। ਇਨ੍ਹਾਂ ਇਸ਼ਤਿਹਾਰਾਂ ਤੋਂ ਕਮਾਏ ਪੈਸਿਆਂ ਨਾਲ ਇਹ ਲੋਕ ਆਪਣਾ ਇਹ ਸਿਟੀ ਸਾਈਕਲ ਦਾ ਕਾਰੋਬਾਰ ਚਲਾਉਂਦੇ ਹਨ।

ਕਿਸੇ ਸਟੈਂਡ ਤੋਂ ਸਿਟੀ ਸਾਈਕਲ ਲੈਣ ਲਈ ਇੱਕ ਕਾਰਡ ਬਣਵਾਉਣਾ ਭਾਵ ਰਜਿਸਟਰਡ ਕਰਵਾਉਣਾ ਪੈਂਦਾ ਹੈ। ਇਹ ਕਾਰਡ 18 ਸਾਲਾਂ ਦੀ ਉਮਰ ਤੋਂ ਘੱਟ ਵਾਲੇ ਦਾ ਨਹੀਂ ਬਣਦਾ। ਸਿਟੀ ਸਾਈਕਲ ਲੈਣ ਲਈ ਇੱਕ 'ਸੀਜ਼ਨ' ਦੇ 90 ਕਰੋਨੇ ਯਾਨੀ ਕਿ ਭਾਰਤੀ 800 ਰੁਪਏ ਦੇ ਕਰੀਬ ਰਕਮ ਜਮ੍ਹਾਂ ਕਰਾਉਣੀ ਪੈਂਦੀ ਹੈ। ਇਸ ਕਾਰਡ ਨਾਲ ਉੱਥੇ ਲੱਗੀ ਮਸ਼ੀਨ ਦੇ ਸਕਰੀਨ 'ਤੇ ਸਾਈਕਲ ਦਾ ਨੰਬਰ ਆ ਜਾਂਦਾ ਹੈ ਤੇ ਲੋੜਵੰਦ ਵਿਅਕਤੀ ਉਹ ਸਾਈਕਲ ਲੈ ਲੈਂਦਾ ਹੈ। ਜੇ ਸਟੈਂਡ 'ਤੇ ਕੋਈ ਸਾਈਕਲ ਨਾ ਹੋਵੇ ਤਾਂ ਇਹੋ ਮਸ਼ੀਨ ਦੱਸਦੀ ਹੈ ਕਿ ਕਿਸ ਨੇੜਲੇ ਸਟੈਂਡ 'ਤੇ ਤੁਹਾਨੂੰ ਸਾਈਕਲ ਮਿਲੇਗਾ। ਇਸੇ ਕਾਰਡ ਨਾਲ ਸਾਈਕਲ ਦਾ ਲੌਕ ਖੁੱਲ੍ਹਦਾ ਹੈ। ਇਹ ਸਿਟੀ ਸਾਈਕਲ ਇੱਕ ਵਾਰ ਲੈ ਕੇ



ਤਿੰਨ ਘੰਟੇ ਲਈ ਵਰਤਣ ਦੀ ਆਗਿਆ ਹੁੰਦੀ ਹੈ ਤੇ ਤਿੰਨ ਘੰਟੇ ਬਾਅਦ ਕਿਸੇ ਵੀ ਸਟੈਂਡ 'ਤੇ ਛੱਡ ਕੇ ਉੱਥੋਂ ਹੋਰ ਸਾਈਕਲ ਲਿਆ ਜਾ ਸਕਦਾ ਹੈ। ਜੇ ਸਾਈਕਲ ਟੁੱਟ-ਭੱਜ ਜਾਵੇ ਤਾਂ ਉਸ ਨੂੰ ਸਟੈਂਡ 'ਤੇ ਰੱਖ ਦਿੱਤਾ ਜਾਂਦਾ ਹੈ। ਇਸ ਟੁੱਟ-ਭੱਜ ਦਾ ਕੋਈ ਹਰਜਾਨਾ-ਜੁਰਮਾਨਾ ਸਬੰਧਿਤ ਵਿਅਕਤੀ ਨੂੰ ਨਹੀਂ ਭਰਨਾ ਪੈਂਦਾ ਪਰ ਜੇ ਕੋਈ ਸਾਈਕਲ ਗੁੰਮ ਹੋ ਜਾਵੇ ਤਾਂ ਸਾਈਕਲ ਦੀ ਕੀਮਤ ਕੰਪਨੀ ਵਾਲੇ ਵਸੂਲ ਕਰਦੇ ਹਨ ਜੋ ਅੰਦਾਜ਼ਨ 3500 ਕਰੋਨੇ ਭਾਵ ਭਾਰਤੀ 30000 ਰੁਪਏ ਦੇ ਕਰੀਬ ਹੁੰਦੀ ਹੈ।

ਵਰਣਨਯੋਗ ਹੈ ਕਿ ਇੱਥੇ ਸਾਈਕਲ ਦੀ ਕੀਮਤ ਦਸ ਹਜ਼ਾਰ ਰੁਪਏ ਤੋਂ ਲੈ ਕੇ 4-5 ਲੱਖ ਰੁਪਏ ਤਕ ਹੈ। ਸਾਈਕਲ ਦਾ ਬੀਮਾ ਵੀ ਕਰਵਾਇਆ ਜਾਂਦਾ ਹੈ। ਇਨ੍ਹਾਂ ਸਾਈਕਲਾਂ ਨੂੰ ਲੱਗੀਆਂ ਲਾਈਟਾਂ ਬੈਟਰੀ ਨਾਲ ਚੱਲਦੀਆਂ ਹਨ। ਬਿਨਾਂ ਲਾਈਟ ਤੋਂ ਹਨੇਰੇ ਵਿੱਚ ਸਾਈਕਲ ਚਲਾਉਣ ਵਾਲੇ ਨੂੰ ਜੁਰਮਾਨਾ ਕੀਤਾ ਜਾਂਦਾ ਹੈ। ਸ਼ਹਿਰ ਵਿੱਚ ਫੁੱਟਪਾਥ ਵਰਗੀ ਹੀ ਵੱਖਰੀ ਸੜਕ ਹੁੰਦੀ ਹੈ ਜਿਸ 'ਤੇ ਬਾਕਾਇਦਾ ਸਾਈਨ ਬੋਰਡ 'ਤੇ ਸਾਈਕਲ ਬਣਿਆ ਹੁੰਦਾ ਹੈ। ਇੱਥੇ ਸਾਈਕਲ ਨੂੰ ਕਾਰਾਂ ਵਾਂਗ ਹੀ ਅਹਿਮੀਅਤ ਦਿੱਤੀ ਜਾਂਦੀ ਹੈ। ਇਹ ਸਾਈਕਲ ਗੇਅਰਾਂ ਵਾਲੇ ਹੁੰਦੇ ਹਨ। ਇਹ ਬੜੀ ਤੇਜ਼ ਰਫ਼ਤਾਰ ਨਾਲ ਚੱਲਦੇ ਹਨ। ਸਿਰਫ਼ ਹਾਈਵੇ 'ਤੇ ਸਾਈਕਲ ਚਲਾਉਣਾ ਮਨ੍ਹਾ ਹੈ ਕਿਉਂਕਿ ਉੱਥੇ ਵਾਹਨ ਬਹੁਤ ਤੇਜ਼ ਗਤੀ 'ਚ ਚੱਲਦੇ ਹਨ। ਇਨ੍ਹਾਂ ਦੇਸ਼ਾਂ ਵਿੱਚ ਟਰੈਫਿਕ ਨਿਯਮਾਂ ਦੀ ਪਾਲਣਾ ਬਹੁਤ ਸੰਜੀਦਗੀ ਨਾਲ ਕੀਤੀ ਜਾਂਦੀ ਹੈ ਤੇ ਪਾਲਣਾ ਨਾ ਕਰਨ ਵਾਲੇ ਨੂੰ ਭਾਰੀ ਜੁਰਮਾਨਾ ਕੀਤਾ ਜਾਂਦਾ ਹੈ। ਇਹੋ ਕਾਰਨ ਹੈ ਕਿ ਇੱਥੇ ਬਹੁਤ ਘੱਟ ਸੜਕ ਹਾਦਸੇ ਹੁੰਦੇ ਹਨ।

ਮਈ ਤੋਂ ਸਤੰਬਰ ਤਕ ਇੱਥੇ ਸਾਈਕਲ ਦੀ ਵਰਤੋਂ ਬਹੁਤ ਕੀਤੀ ਜਾਂਦੀ ਹੈ। ਸਰਦੀ ਦੇ ਬਰਫ਼ਬਾਰੀ ਤੋਂ ਪਹਿਲਾਂ-ਪਹਿਲਾਂ ਕੰਪਨੀ ਵਾਲੇ ਆਪਣੇ ਸਿਟੀ ਸਾਈਕਲ ਚੁੱਕ ਕੇ ਲੈ ਜਾਂਦੇ ਹਨ। ਆਮ ਦੇਖਣ ਵਿੱਚ ਆਉਂਦਾ ਹੈ ਕਿ ਮਰਦ-ਔਰਤਾਂ ਸਾਈਕਲ 'ਤੇ ਆਉਂਦੇ-ਜਾਂਦੇ ਹਨ। ਦੂਜੇ ਪਾਸੇ ਸਾਡੇ ਦੇਸ਼ ਵਿੱਚ ਸਾਈਕਲ ਵਾਲੇ ਨੂੰ ਗ਼ਰੀਬ ਤੇ ਪੱਛੜਿਆ ਹੋਇਆ ਸਮਝਿਆ ਜਾਂਦਾ ਹੈ।

ਨੌਰਵੇ ਵਿੱਚ ਆਮ ਕਰਮਚਾਰੀ ਤੋਂ ਲੈ ਕੇ ਵੱਡੇ-ਵੱਡੇ ਅਫ਼ਸਰ ਵੀ ਸਾਈਕਲਾਂ 'ਤੇ ਆਉਂਦੇ-ਜਾਂਦੇ ਹਨ। ਇਹ ਇੱਕ ਹੈਰਾਨੀ ਭਰਿਆ ਸੱਚ ਹੈ ਕਿ ਬੀਤੇ ਸਾਲ 22 ਜੁਲਾਈ ਨੂੰ ਨੌਰਵੇ ਵਿੱਚ ਹੋਏ ਅਤਿਵਾਦੀ ਹਮਲੇ ਤੋਂ ਪਹਿਲਾਂ ਇੱਥੋਂ ਦਾ ਪ੍ਰਧਾਨ ਮੰਤਰੀ ਜੈਨਸ ਸਤੋਲਤਨਬਰਗ ਵੀ ਸਾਈਕਲ ਉੱਤੇ ਪਾਰਲੀਮੈਂਟ ਆਉਂਦਾ-ਜਾਂਦਾ ਸੀ। ਕਰਮਚਾਰੀ ਜਾਂ ਉੱਚ ਅਧਿਕਾਰੀ ਵੀ ਪੂਰੀ ਸ਼ਾਨ ਨਾਲ ਆਪਣੇ ਸਾਈਕਲ 'ਤੇ ਦਫ਼ਤਰਾਂ ਨੂੰ ਜਾਂਦੇ ਹਨ। ਭਾਰਤ ਜਾਂ ਪੰਜਾਬ ਵਾਂਗ ਸਾਈਕਲ ਵਾਲੇ ਨੂੰ ਨੀਵਾਂ ਨਹੀਂ ਸਮਝਿਆ ਜਾਂਦਾ। ਨਾ ਹੀ ਨੌਰਵੀਅਨ ਲੋਕ ਸਾਈਕਲ 'ਤੇ ਆਉਣ-ਜਾਣ ਵਿੱਚ ਕੋਈ ਹੇਠੀ ਸਮਝਦੇ ਹਨ। ਬੇਸ਼ੱਕ ਇਨ੍ਹਾਂ ਲੋਕਾਂ ਨੇ ਲੋੜ ਲਈ ਵਧੀਆ ਮਹਿੰਗੀਆਂ ਕਾਰਾਂ ਰੱਖੀਆਂ ਹੋਈਆਂ ਹਨ, ਫਿਰ ਵੀ ਇਹ ਸਾਈਕਲਾਂ 'ਤੇ ਘੁੰਮਦੇ ਹਨ। ਇੱਥੇ ਸਰਕਾਰ ਤੇ ਪ੍ਰਾਈਵੇਟ ਕੰਪਨੀਆਂ ਵੱਲੋਂ ਸਾਈਕਲ ਮੁਹਿੰਮ ਵੀ ਚਲਾਈ ਜਾਂਦੀ ਹੈ ਤੇ ਲੋਕਾਂ ਨੂੰ ਸਾਈਕਲ ਚਲਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਇਹ ਲੋਕ ਆਪਣੀ ਸਿਹਤ ਪ੍ਰਤੀ ਬਹੁਤ ਜਾਗਰੂਕ ਹਨ।

80-90 ਸਾਲਾਂ ਦੇ ਮਰਦ-ਔਰਤਾਂ ਸੜਕਾਂ ਜਾਂ ਸ਼ਾਪਿੰਗ ਸੈਂਟਰਾਂ ਵਿੱਚ ਚੁਸਤ-ਦਰੁਸਤ ਤੁਰੇ ਫਿਰਦੇ ਹਨ। ਇਨ੍ਹਾਂ ਲੋਕਾਂ ਦਾ ਕਹਿਣਾ ਹੈ ਕਿ ਸਾਈਕਲ ਚਲਾਉਣ ਨਾਲ ਸਾਡੀ ਸਰੀਰਕ ਕਸਰਤ ਤਾਂ ਹੁੰਦੀ ਹੀ ਹੈ, ਨਾਲ-ਨਾਲ ਵਾਹਨਾਂ ਦੇ ਧੂੰਏਂ ਤੋਂ ਪੈਦਾ ਹੋਣ ਵਾਲਾ ਪ੍ਰਦੂਸ਼ਣ ਵੀ ਘਟਦਾ ਹੈ। ਸੋਚਣ ਵਾਲੀ ਗੱਲ ਤਾਂ ਇਹ ਹੈ ਜਿਸ ਦੇਸ਼ ਦਾ ਪ੍ਰਧਾਨ ਮੰਤਰੀ ਖ਼ੁਦ ਸਾਈਕਲ ਦੀ ਸਵਾਰੀ ਕਰਦਾ ਹੈ, ਉੱਥੇ ਦੀ ਪਰਜਾ ਲਈ ਸਾਈਕਲ ਚਲਾਉਣਾ ਆਮ ਗੱਲ ਹੈ ਜਦੋਂਕਿ ਸਾਡੇ ਮੁਲਕ ਵਿੱਚ ਤਾਂ ਲੀਡਰ ਜਾਂ ਮੰਤਰੀ-ਸੰਤਰੀ ਸਿਰਫ਼ ਚੋਣਾਂ ਦੇ ਦਿਨਾਂ ਵਿੱਚ ਹੀ ਪੈਦਲ ਮਾਰਚ ਜਾਂ ਸਾਈਕਲਾਂ ਨੂੰ ਝੰਡੀਆਂ ਬੰਨ੍ਹ ਕੇ ਤੁਰੇ-ਫਿਰਦੇ ਹਨ ਜਾਂ ਫਿਰ ਪੈਟਰੋਲ ਜਾਂ ਡੀਜ਼ਲ ਦੀਆਂ ਵਧੀਆਂ ਕੀਮਤਾਂ ਖ਼ਿਲਾਫ਼ ਰੋਸ ਮੁਜ਼ਾਹਰੇ ਕਰਦੇ ਸਾਈਕਲਾਂ ਜਾਂ ਰਿਕਸ਼ਿਆਂ 'ਤੇ ਚੜ੍ਹੇ ਫਿਰਦੇ ਹਨ। ਤੇਲ ਦੀਆਂ ਕੀਮਤਾਂ ਵਧਣ ਦੇ ਬਾਵਜੂਦ ਸੜਕਾਂ 'ਤੇ ਦੋਪਹੀਆ-ਚੌਪਹੀਆ ਵਾਹਨਾਂ ਦੀ ਉਹੋ ਹੀ ਭੀੜ ਹੈ। ਇਨ੍ਹਾਂ ਸਾਈਕਲਾਂ 'ਤੇ ਫਿਰਦੇ ਨੌਰਵੇ ਦੇ ਲੋਕਾਂ ਨੂੰ ਦੇਖ ਕੇ ਜਾਪਦਾ ਹੈ ਕਿ ਇਹ ਲੋਕ ਪੈਸੇ ਨਾਲ ਹੀ ਨਹੀਂ ਸੋਚ ਪੱਖੋਂ ਵੀ ਅਮੀਰ ਹਨ। ਕਾਸ਼! ਅਸੀਂ ਲੋਕ ਵੀ ਅਜਿਹੀ ਅਮੀਰ ਸੋਚ ਅਪਣਾ ਸਕੀਏ।

# ਕਹਾਣੀ/ ਮਾਮੀ ਜੀ/ - ਸੁਰਿੰਦਰ ਸਿੰਘ ਰਾਏ

ਮਾਮੀ ਜੀ, ਕਿਤੇ ਚੰਡੀਗੜ੍ਹ ਸਾਡੇ ਕੋਲ ਵੀ ਗੇੜਾ ਮਾਰ ਜਾਇਆ ਕਰੋ। ਤੁਹਾਡਾ ਤਾਂ ਸਾਨੂੰ ਮਿਲਣ ਨੂੰ ਚਿੱਤ ਈ ਨਹੀਂ ਕਰਦਾ। ਵੇਖੋ ਤਾਂ, ਅਸੀਂ ਫਿਰ ਵੀ ਟਾਈਮ ਕੱਢ ਕੇ ਤੁਹਾਨੂੰ ਮਿਲਣ ਲਈ ਆ ਜਾਈਦੈ। ਰਾਜਬੰਤ ਨੇ ਆਪਣੀ ਮਾਮੀ ਦੇ ਘਰ ਵੜਦਿਆਂ ਹੀ ਹਾਸਾ ਬਿਖੇਰਦਿਆਂ ਉੱਚੀ ਦੇਣੀ ਆਖਿਆ। ਆਪਣੇ-ਆਪ ਨੂੰ ਮਾਮੀ ਜੀ ਆਖਿਆ ਸੁਣ ਕੇ ਬਚਿੰਤ ਕੌਰ ਬਾਹਲੀ ਹੀ ਖ਼ੁਸ਼ ਹੋ ਗਈ ਸੀ। ਉਸ ਨੂੰ ਰਾਜਬੰਤ ਬਹੁਤ ਹੀ ਪਿਆਰੀ ਤੇ ਸੁੱਘੜ-ਸਿਆਣੀ ਬਹੂ ਲੱਗ ਰਹੀ ਸੀ। ਉਹ ਚਾਹੁੰਦੀ ਸੀ ਕਿ ਅੱਜ ਉਹ ਰਾਜਬੰਤ ਨਾਲ ਦਿਲ ਭਰ ਕੇ ਗੱਲਾਂ ਕਰ ਲਵੇ। ਰਾਜਬੰਤ ਦੇ ਗੱਲਾਂ ਕਰਨ ਦੇ ਸਲੀਕੇ ਅਤੇ ਦਰਸਾਈ ਅਪਣੱਤ ਨੇ ਬਚਿੰਤ ਕੌਰ ਨੂੰ ਕੀਲ ਕੇ ਰੱਖ ਦਿੱਤਾ ਸੀ। ਆਪਣੀ ਮਾਮੀ ਨੂੰ ਸੁੱਖ-ਸਾਂਦ ਪੁੱਛਣ ਤੋਂ ਬਾਅਦ ਗੁਰਪ੍ਰੀਤ ਲਾਗੇ ਹੀ ਕੁਰਸੀ 'ਤੇ ਬੈਠ ਗਿਆ ਸੀ। ਉਹ ਚੁੱਪਚਾਪ ਬੈਠਾ ਉਨ੍ਹਾਂ ਦੀਆਂ ਗੱਲਾਂ ਸੁਣ ਰਿਹਾ ਸੀ ਅਤੇ ਨਿੰਮਾ-ਨਿੰਮਾ ਹੱਸੀ ਜਾ ਰਿਹਾ ਸੀ। ਬਹੁਟੀਏ! ਕੀ ਦੱਸਾਂ ਤੈਨੂੰ। ਘਰ ਦੇ ਕੱਖ-ਕੰਡੇ ਦਾ ਕੰਮ ਈ ਨੀਂ ਮੁੱਕਦਾ। ਦੋ-ਤਿੰਨ ਡੰਗਰ ਰੱਖਿਓ ਆਂ। ਬਸ ਇਹੀ ਨੀਂ ਕਿਸੇ ਪਾਸੇ ਨਿਕਲਣ ਦਿੰਦੇ। ਥੋਨੂੰ ਮਿਲਣ ਨੂੰ ਤਾਂ ਮੇਰਾ ਵੀ ਬਹੁਤ ਜੀਅ ਕਰਦਾ ਰਹਿੰਦੈ, ਪਰ ਪੇਸ਼ ਈ ਨਹੀਂ ਜਾਂਦੀ।

ਮਾਮੀ ਜੀ, ਇਹ ਤਾਂ ਬਹਾਨੇ ਨੇ। ਜੇ ਤੁਹਾਡਾ ਮਿਲਣ ਨੂੰ ਦਿਲ ਕਰਦਾ ਹੋਵੇ ਤਾਂ ਬੰਦਾ ਟਾਈਮ ਕੱਢ ਈ ਲੈਂਦੈ। ਰਾਜਬੰਤ ਹੱਸਦੀ ਹੋਈ ਬੋਲੀ।

ਬਹੁਟੀਏ। ਮੈਂ ਝੂਠ ਨੀਂ ਆਂਹਦੀ। ਮੇਰਾ ਤਾਂ ਸਚਮੁੱਚ ਈ ਟੈਮ ਨੀ ਲਗਦਾ। ਸੁਲੱਖਣ ਤਾਂ ਮੈਂ ਕੀ ਵਿਆਹਿਆ, ਉਹ ਵੀ ਆਪਣੀ ਬਹੁਟੀ ਦਾ ਹੀ ਹੋ ਗਿਆ। ਉਨ੍ਹਾਂ ਦੋਹਾਂ ਦੇ ਤਾਂ ਸ਼ਹਿਰ ਦੇ ਗੇੜੇ ਈ ਨਹੀਂ ਮੁੱਕਦੇ। ਘਰ ਦੇ ਕੰਮ ਨੂੰ ਤਾਂ ਹੱਥ ਈ ਨੀ ਲਾਉਂਦੇ।

ਮਾਮੀ ਜੀ! ਅੱਜ-ਕੱਲ੍ਹ ਦੇ ਮੁੰਡੇ-ਕੁੜੀਆਂ ਇਵੇਂ ਈ ਕਰਦੇ ਨੇ। ਇਨ੍ਹਾਂ ਦੇ ਸ਼ੌਕ ਵੀ ਅਵੱਲੇ ਈ ਨੇ। ਜਿਵੇਂ ਉਹ ਕਰਦੇ ਨੇ, ਕਰ ਲੈਣ ਦਿਓ। ਬਾਹਲੀ ਸਿਰਦਰਦੀ ਨਹੀਂ ਲਈਦੀ। ਜਿਵੇਂ ਦਾ ਜ਼ਮਾਨਾ ਹੋਵੇ ਉਵੇਂ ਦੇ ਬਣ ਜਾਈਦੈ। ਜਦੋਂ ਸਿਰ 'ਤੇ ਜੁਆਕਾਂ ਦੀ ਜ਼ਿੰਮੇਵਾਰੀ ਪੈਣੀ ਆਂ ਫਿਰ ਉਨ੍ਹਾਂ ਆਪੇ ਸਮਝ ਜਾਣੈ। ਤੁਸੀਂ ਆਪਣਾ ਖ਼ੂਨ ਕਿਉਂ ਸਾੜਦੇ ਓ।

ਰਾਜਬੰਤ। ਐਦਾਂ ਈ ਸੋਚ ਕੇ ਟੈਮ ਪਾਸ ਹੁੰਦੈ। ਹੁਣ ਹੋਰ ਕਰਨਾ ਵੀ ਕੀ ਆ। ਸੜ-ਭੁੱਜ ਕੇ ਕਿਹੜਾ ਕੁਝ ਸੰਵਰ ਜਾਣਾ। ਉਨ੍ਹਾਂ ਨੇ ਕਰਨੀ ਤਾਂ ਆਪਣੀ ਮਰਜ਼ੀ ਈ ਆ। ਸਾਨੂੰ ਅਨਪੜ੍ਹਾਂ ਨੂੰ ਤਾਂ ਅੱਜ-ਕੱਲ੍ਹ ਦੀ ਮੁੰਡੀਹਰ ਮੂਰਖ ਈ ਸਮਝਦੀ ਆ।

ਮਾਮੀ ਜੀ! ਤੁਸੀਂ ਇਨ੍ਹਾਂ ਗੱਲਾਂ ਨੂੰ ਛੱਡੋ। ਆਪਣੀ ਸਿਹਤ ਦਾ ਖ਼ਿਆਲ ਰੱਖਿਆ ਕਰੋ। ਸਭ ਕੁਝ ਸਿਹਤ ਨਾਲ ਈ ਆ। ਚਿੰਤਾ ਕਰਕੇ ਕੁਝ ਨੀ ਸੌਰਦਾ। ਬੁੱਢੀ ਉਮਰੇ ਐਵੇਂ ਕੋਈ ਰੋਗ ਲੁਆ ਬੈਠੋਗੇ। ਰਾਜਬੰਤ ਨੇ ਬਚਿੰਤ ਕੌਰ ਦੀ ਸਿਹਤ ਦਾ ਇਵੇਂ ਵਾਸਤਾ ਪਾਇਆ ਜਿਵੇਂ ਉਸ ਨੂੰ ਆਪਣੀ ਮਾਮੀ ਦੀ ਸਿਹਤ ਦੀ ਬਾਹਲੀ ਹੀ ਚਿੰਤਾ ਹੋਵੇ।

ਬਚਿੰਤ ਕੌਰ, ਰਾਜਬੰਤ ਦੇ ਮੂੰਹੋਂ ਆਪਣੀ ਸਿਹਤ ਦੀ ਚਿੰਤਾ ਬਾਰੇ ਸੁਣ ਕੇ ਕਮਲੀ ਹੋਈ ਪਈ ਸੀ। ਰਾਜਬੰਤ ਦੀਆਂ ਮਿੱਠੀਆਂ-ਮਿੱਠੀਆਂ ਅਪਣੱਤ ਭਰੀਆਂ ਗੱਲਾਂ ਨੇ ਬਚਿੰਤ ਕੌਰ ਨੂੰ ਮੋਹ ਸੁੱਟਿਆ ਸੀ। ਉਹ ਆਪਣੇ ਭਾਣਜੇ ਅਤੇ ਭਾਣਜ-ਨੂੰਹ ਦੀ ਟਹਿਲ ਸੇਵਾ ਕਰਨ ਵਿੱਚ ਕੋਈ ਕਸਰ ਨਹੀਂ ਸੀ ਛੱਡ ਰਹੀ। ਗਰਮ-ਗਰਮ ਦੁੱਧ ਦੇ ਨਾਲ ਉਹ ਦੁਕਾਨ ਤੋਂ ਮਹਿੰਗੇ ਬਿਸਕੁਟਾਂ ਦਾ ਇੱਕ ਪੈਕਟ ਵੀ ਝੱਟ ਹੀ ਖਰੀਦ ਲਿਆਈ ਸੀ। ਉਹ ਚਾਅ-ਚਾਅ ਵਿੱਚ ਨੱਸੀ-ਨੱਸੀ ਗੱਲਾਂ ਵੀ ਕਰੀ ਜਾ ਰਹੀ ਸੀ ਤੇ ਉਨ੍ਹਾਂ ਦੀ ਖਿਦਮਤ ਵੀ। ਬਚਿੰਤ ਕੌਰ ਦਾ ਪੱਬ ਧਰਤ 'ਤੇ ਨਹੀਂ ਸੀ ਲੱਗ ਰਿਹਾ। ਅੱਜ ਉਸ ਨੂੰ ਇਉਂ ਜਾਪ ਰਿਹਾ ਸੀ ਜਿਵੇਂ ਇਸ ਧਰਤੀ 'ਤੇ ਉਸ ਦੀ ਭਾਣਜ-ਨੂੰਹ ਵਰਗੀ ਕੋਈ ਹੋਰ ਨੂੰਹ ਨਾ ਹੋਵੇ। ਉਹ ਰਾਜਬੰਤ ਨਾਲ ਆਪਣਾ ਦਿਲ ਫੋਲ-ਫੋਲ ਗੱਲਾਂ ਕਰ ਰਹੀ ਸੀ।

ਗੁਰਪ੍ਰੀਤ ਆਪਣੀ ਪਤਨੀ ਰਾਜਬੰਤ ਨੂੰ ਨਾਲ ਲੈ ਕੇ ਅੱਜ ਕਾਫ਼ੀ ਸਮੇਂ ਬਾਅਦ ਆਪਣੇ ਨਾਨਕੇ ਪਿੰਡ ਆਇਆ ਸੀ। ਗੁਰਪ੍ਰੀਤ ਚੰਡੀਗੜ੍ਹ ਦੇ ਇੱਕ ਕਾਲਜ ਵਿੱਚ ਪ੍ਰੋਫ਼ੈਸਰ ਲੱਗਿਆ ਹੋਇਆ ਸੀ ਤੇ ਉਸ ਦੀ ਪਤਨੀ ਰਾਜਬੰਤ ਸਰਕਾਰੀ ਸਕੂਲ ਵਿੱਚ ਟੀਚਰ ਸੀ। ਗੁਰਪ੍ਰੀਤ ਆਪਣੇ ਪਰਿਵਾਰ ਸਮੇਤ ਕਈ ਸਾਲਾਂ ਤੋਂ ਚੰਡੀਗੜ੍ਹ ਹੀ ਸੈੱਟ ਹੋ ਗਿਆ ਸੀ। ਦੋਵੇਂ ਪਤੀ-ਪਤਨੀ ਸਾਲ ਵਿੱਚ ਇੱਕ ਅੱਧੀ ਵਾਰ ਆਪਣੇ ਪਿੰਡ ਗੇੜਾ ਲਾ ਜਾਂਦੇ ਸਨ। ਪਿੰਡ ਆਇਆਂ ਉਹ ਕਦੇ-ਕਦਾਈਂ ਕਿਸੇ ਰਿਸ਼ਤੇਦਾਰ ਦੇ ਵੀ ਜਾ ਆਉਂਦੇ ਸਨ। ਆਪਣੇ ਨਾਨਕੇ ਪਿੰਡ ਗਿਆਂ, ਗੁਰਪ੍ਰੀਤ ਨੂੰ ਦੋ-ਤਿੰਨ ਸਾਲ ਹੋ ਗਏ ਸਨ। ਉਸ ਦਾ ਆਪਣੇ ਮਾਮੇ ਦੇ ਲੜਕੇ ਸੁਲੱਖਣ ਦੇ ਵਿਆਹ ਤੋਂ ਬਾਅਦ ਨਾਨਕੇ ਪਿੰਡ ਦਾ ਚੱਕਰ ਨਹੀਂ ਸੀ ਲੱਗਿਆ। ਇਸ ਵਾਰ ਪਿੰਡ ਆਇਆਂ ਉਨ੍ਹਾਂ ਨੇ ਆਪਣੇ ਨਾਨਕੇ ਪਿੰਡ ਮਿਲਣ ਜਾਣ ਦਾ ਪ੍ਰੋਗਰਾਮ ਬਣਾ ਲਿਆ ਸੀ।

ਬਚਿੰਤ ਕੌਰ ਨੇ ਚਾਹ ਪੀਂਦੇ ਹੋਏ ਆਪਣੇ ਭਾਣਜੇ ਤੇ ਭਾਣਜ-ਨੂੰਹ ਨਾਲ ਖ਼ੂਬ ਗੱਲਾਂ ਕੀਤੀਆਂ। ਗੱਲਾਂ ਕਰ-ਕਰ ਉਸ ਦਾ ਜੀਅ ਨਹੀਂ ਸੀ ਭਰ ਰਿਹਾ। ਘੰਟਾ ਕੁ ਭਰ ਬੈਠਣ ਤੋਂ ਬਾਅਦ ਉਨ੍ਹਾਂ ਨੇ ਆਪਣੀ ਮਾਮੀ ਤੋਂ ਰੁਖ਼ਸਤ ਹੋਣ ਦੀ ਇਜਾਜ਼ਤ ਲਈ। ਉਨ੍ਹਾਂ ਨੂੰ ਵਿਦਾ ਕਰਨ ਲੱਗੀ ਮਾਮੀ ਇਉਂ ਤੜਫ਼ੀ ਪਈ ਸੀ ਜਿਵੇਂ ਪਾਣੀ ਨੂੰ ਮਛਲੀ ਤਾਂਘ ਰਹੀ ਹੋਵੇ। ਤੁਰਨ ਲੱਗਿਆਂ ਰਾਜਬੰਤ ਨੇ ਆਪਣੀ ਮਾਮੀ ਨੂੰ ਚੰਡੀਗੜ੍ਹ ਆਉਣ ਲਈ ਸਰਸਰੀ ਜਿਹਾ ਫਿਰ ਆਖ ਦਿੱਤਾ ਸੀ। ਬਚਿੰਤ ਕੌਰ ਆਪਣੀ ਭਾਣਜ-ਨੂੰਹ 'ਤੇ ਬਲਿਹਾਰ ਬਲਿਹਾਰ ਹੋਈ ਜਾ ਰਹੀ ਸੀ। ਬਚਿੰਤ ਕੌਰੇ, ਅੱਜ ਕਾਰ ਵਾਲੇ ਥੋਡੇ ਘਰ ਕੌਣ ਪ੍ਰਾਹੁਣੇ ਆਏ ਸੀ? ਮੇਰੀ ਤਾਂ ਪਛਾਣ ਵਿੱਚ ਨਹੀਂ ਆਏ। ਊਂ ਕੋਈ ਸ਼ਹਿਰੀਏ ਲੱਗਦੇ ਸੀ। ਗੁਆਂਢਣ ਕੁਸ਼ੱਲਿਆ ਨੇ ਬਚਿੰਤ ਕੌਰ ਨੂੰ ਪੁੱਛਿਆ।

ਭੈਣੇ, ਇਹ ਤਾਂ ਮੇਰਾ ਭਾਣਜਾ ਅਤੇ ਭਾਣਜ-ਨੂੰਹ ਸੀ। ਇਹ ਚੰਡੀਗੜ੍ਹ ਈ ਰਹਿੰਦੇ ਆ। ਭਾਣਜਾ ਮੇਰਾ ਕਾਲਜ ਵਿੱਚ ਪ੍ਰੋਫ਼ੈਸਰ ਲੱਗਾ ਹੋਇਆ ਤੇ ਨੂੰਹ ਸਕੂਲ ਵਿੱਚ ਪੜ੍ਹਾਉਂਦੀ ਆ। ਬਚਿੰਤ ਕੌਰ ਖ਼ੂਬ ਦੱਸ ਰਹੀ ਸੀ।

ਮੈਂ ਵੀ ਕਹਾਂ ਕਿ ਇਹ ਤਾਂ ਕੋਈ ਪੜ੍ਹੇ-ਲਿਖੇ ਬੰਦੇ ਜਾਪਦੇ ਆ। ਸ਼ਹਿਰੀਆਂ ਦਾ ਤਾਂ ਬੋਲ-ਚਾਲ ਦਾ ਸਲੀਕਾ ਈ ਹੋਰ ਹੁੰਦੈ। ਸਾਡੇ ਵਰਗੇ ਦੇਸੀ ਬੰਦਿਆਂ 'ਚ ਤਾਂ ਇਹ ਦੂਰੋਂ ਈ ਪਛਾਣੇ ਜਾਂਦੇ ਆ। ਕੁਸ਼ੱਲਿਆ ਵੀ ਆਪਣਾ ਲਾਇਆ ਅਨੁਮਾਨ ਦਰੁਸਤ ਦੱਸ ਰਹੀ ਸੀ।

ਮੇਰੀ ਭਾਣਜ-ਨੂੰਹ ਦੀਆਂ ਕਿਆ ਰੀਸਾਂ। ਮਾਮੀ ਜੀ, ਮਾਮੀ ਜੀ ਕਰਦੀ ਦੇ ਬੁੱਲ੍ਹ ਸੁੱਕਦੇ ਆ। ਜਦੋਂ ਗੱਲ ਕਰਦੀ ਆਂ ਤਾਂ ਜਾਣੋਂ ਇਉਂ ਜਾਪਦੀ ਆ ਜਿਵੇਂ ਮੂੰਹ 'ਚੋਂ ਫੁੱਲ ਕਿਰਦੇ ਹੋਣ। ਕਿੰਨਾ ਮੋਹ ਕਰਦੀ ਆ ਮੈਨੂੰ। ਆਂਹਦੀ ਸੀ ਕਿ ਮਾਮੀ ਜੀ ਕਦੇ ਚੰਡੀਗੜ੍ਹ ਸਾਡੇ ਕੋਲ ਵੀ ਗੇੜਾ ਮਾਰ ਜਾਇਓ। ਇੱਦਾਂ ਕੌਣ ਕਹਿੰਦਾ ਅੱਜ-ਕੱਲ੍ਹ। ਅੱਜ-ਕੱਲ੍ਹ ਦੀਆਂ ਪੜ੍ਹੀਆਂ-ਲਿਖੀਆਂ ਬਹੂਆਂ ਤਾਂ ਸਾਡੇ ਅਰਗੇ ਅਨਪੜ੍ਹਾਂ ਨਾਲ ਗੱਲ ਕਰਕੇ ਰਾਜ਼ੀ ਨਹੀਂ। ਸਾਡੇ ਮੁਹੱਲੇ ਦੀਆਂ ਪੜ੍ਹੀਆਂ-ਲਿਖੀਆਂ ਬਹੂਆਂ ਵੀ ਹੈਗੀਆਂ ਈ। ਹੈ ਕੋਈ ਐਨੀ ਸਮਝਦਾਰ। ਪਹਿਲਾਂ ਤੂੰ ਮੇਰੀ ਨੂੰਹ ਈ ਵੇਖ ਲੈ। ਆਖਣ ਨੂੰ ਪੜ੍ਹੀ-ਲਿਖੀ ਆ, ਸਿੱਧੇ ਮੂੰਹ ਗੱਲ ਈ ਨੀ ਕਰਦੀ। 'ਬੁੱਢੀਏ' ਕਹਿ ਕੇ ਬੁਲਾਉਂਦੀ ਆ। ਜੇ ਕੋਈ ਮੱਤ ਦੀ ਗੱਲ ਵੀ ਦੱਸੋ ਤਾਂ ਝੱਟ ਆਖਦੀ ਆ, 'ਬੁੱਢੀਏ, ਤੈਨੂੰ ਕੀ ਪਤਾ ਅੱਜ-ਕੱਲ੍ਹ ਦੇ ਜ਼ਮਾਨੇ ਦਾ। ਥੋਡਾ ਜ਼ਮਾਨਾ ਹੋਰ ਸੀ, ਸਾਡਾ ਜ਼ਮਾਨਾ ਹੋਰ ਆ।' ਮੂੰਹ ਖੋਲ੍ਹਣ ਈ ਨੀ ਦਿੰਦੀ। ਭੈਣੇ, ਕੀ ਦੱਸੀਏ, ਦਿਨ ਤਾਂ ਕੱਟਣੇ ਈ ਆਂ। ਮੁੰਡੇ ਨੂੰ ਨਾਲ ਲੈ ਕੇ ਸਵੇਰ ਦੀ ਸ਼ਹਿਰ ਗਈਓ ਆ। ਅਜੇ ਤੱਕ ਮੁੜ ਕੇ ਨਹੀਂ ਆਏ। ਪ੍ਰਾਹੁਣੇ ਵੀ ਘਰੋਂ ਆ ਕੇ ਮੁੜ ਗਏ ਆ। ਘਰ ਦਾ ਤਾਂ ਭੋਰਾ ਵੀ ਫਿਕਰ ਨੀਂ। ਪਤਾ ਨੀਂ ਸਵੇਰ ਦੇ ਸ਼ਹਿਰ ਕੀ ਕਰੀ ਜਾਂਦੇ ਆ। ਬਚਿੰਤ ਕੌਰ ਘਰ ਦੇ ਰੋਣੇ-ਧੋਣੇ ਵੀ ਦੱਸੀ ਜਾ ਰਹੀ ਸੀ ਅਤੇ ਆਪਣੀ ਭਾਣਜ-ਨੂੰਹ ਦੀਆਂ ਸਿਫ਼ਤਾਂ ਦੇ ਪੁਲ ਵੀ ਬੰਨ੍ਹੀ ਜਾ ਰਹੀ ਸੀ।



ਬਸ ਕਰ ਭੈਣੇ, ਸਾਰੇ ਘਰੀਂ ਇਹੋ ਹਾਲ ਆ। ਮੇਰੀ ਵੀ ਗੱਲ ਸੁਣ ਲੈ। ਪਹਿਲਾਂ ਤਾਂ ਸਵੇਰ ਨੂੰ ਉੱਠਦੀ ਈ ਦਸ ਵਜੇ ਆ। ਜੇ ਆਖੋ ਤਾਂ ਅੱਗਿਓਂ ਸੌ-ਸੌ ਗੱਲਾਂ ਬਣਾਉਂਦੀ ਆ। ਸਵੇਰੇ ਦੀ ਚਾਹ ਵੀ ਮੈਂ ਈ ਬਣਾ ਕੇ ਪਿਲਾਉਂਦੀ ਆਂ। ਸਾਡੀ ਸੇਵਾ ਤਾਂ ਉਹਨੇ ਕੀ ਕਰਨੀ ਆਂ, ਉਲਟ ਸਾਤੋਂ ਈ ਸੇਵਾ ਕਰਾਉਂਦੀ ਆ। ਕੁਸ਼ੱਲਿਆ ਨੇ ਆਪਣੀ ਕਹਾਣੀ ਸੁਣਾਈ। ਬਚਿੰਤ ਕੌਰ ਤੇ ਕੁਸ਼ੱਲਿਆ ਗੱਲਾਂ-ਗੱਲਾਂ ਵਿੱਚ ਆਪੋ-ਆਪਣੇ ਦੁੱਖ-ਸੁੱਖ ਸਾਂਝੇ ਕਰ ਰਹੀਆਂ ਸਨ। ਬਚਿੰਤ ਕੌਰ ਤਾਂ ਘੁਮਾ-ਫਿਰਾ ਕੇ ਰਾਜਬੰਤ ਦੀ ਗੱਲ ਹੀ ਸ਼ੁਰੂ ਕਰ ਲੈਂਦੀ ਸੀ। ਰਾਜਬੰਤ ਉੱਤੇ ਉਹ ਲੱਟੂ ਹੋਈ ਪਈ ਸੀ। ਉਹਦੀ ਗੱਲ ਕਰਦਿਆਂ ਬਚਿੰਤ ਕੌਰ ਦਾ ਚਿਹਰਾ ਲਾਲ ਹੋ ਜਾਂਦਾ ਸੀ।

ਅੱਜ ਉਸ ਨੂੰ ਮੁਹੱਲੇ ਦੀ ਜਿਹੜੀ ਵੀ ਜ਼ਨਾਨੀ ਮਿਲਦੀ, ਉਸ ਕੋਲ ਆਪਣੀ ਭਾਣਜ-ਨੂੰਹ ਦੀਆਂ ਗੱਲਾਂ ਹੀ ਛੇੜਦੀ ਸੀ। ਉਹ ਆਪ ਨੂੰ ਚੰਡੀਗੜ੍ਹ ਸੱਦਣ ਵਾਲੀ ਗੱਲ ਤਾਂ ਹਰ ਇੱਕ ਨੂੰ ਦੱਸਦੀ ਸੀ। ਸਾਰੀ ਦਿਹਾੜੀ ਉਹ ਦੀ ਜ਼ੁਬਾਨ 'ਤੇ ਰਾਜਬੰਤ ਦਾ ਨਾਂ ਹੀ ਚੜ੍ਹਿਆ ਰਿਹਾ ਸੀ। ਉਸ ਦੀਆਂ ਗੱਲਾਂ ਕਰ-ਕਰ ਉਹ ਝੱਲੀ ਹੋਈ ਜਾ ਰਹੀ ਸੀ। ਆਪਣੇ ਘਰ ਜਾ ਕੇ ਵੀ ਸੁਲੱਖਣ ਤੇ ਆਪਣੀ ਬਹੂ ਸਾਹਮਣੇ ਰਾਜਬੰਤ ਦਾ ਨਾਂ ਹੀ ਜਪੀ ਜਾ ਰਹੀ ਸੀ।

ਬੁੱਢੀ ਦੇ ਦਿਮਾਗ਼ ਨੂੰ ਪਤਾ ਨੀ ਕੀ ਹੋ ਗਿਆ? ਅੱਜ ਤਾਂ ਰਾਜਬੰਤ-ਰਾਜਬੰਤ ਈ ਕਰੀ ਜਾਂਦੀ ਆ। ਉਹ ਦੀਆਂ ਗੱਲਾਂ ਕਰ-ਕਰ ਜਾਣਬੁੱਝ ਕੇ ਮੈਨੂੰ ਸਾੜਦੀ ਆ। ਮੇਰਾ ਨਾਂ ਲੈਂਦੀ ਨੂੰ ਤਾਂ ਇਹ ਨੂੰ ਸੱਪ ਸੁੰਘ ਜਾਂਦੈ। ਇਹ ਨੂੰ ਕੋਈ ਪੁੱਛੇ, ਮੈਂ ਨੀ ਤੇਰੀ ਨੂੰਹ? ਅਸਲੀ ਨੂੰਹ ਤਾਂ ਮੈਂ ਹੀ ਆਂ। ਬਾਕੀ ਤਾਂ ਸਭ ਰਵਾਇਤੀ ਜਿਹੇ ਰਿਸ਼ਤੇ ਹੁੰਦੇ ਆ। ਰਾਜਬੰਤ ਦੀਆਂ ਸਿਫ਼ਤਾਂ ਸੁਣ-ਸੁਣ ਕੇ ਅੱਕੀ ਹੋਈ ਬਚਿੰਤ ਕੌਰ ਦੀ ਨੂੰਹ ਅਮਨਦੀਪ ਨੇ ਆਪਣੇ ਘਰਵਾਲੇ ਨੂੰ ਆਖਿਆ। ਬਜ਼ੁਰਗਾਂ ਦੀਆਂ ਗੱਲਾਂ ਦਾ ਬਾਹਲਾ ਰੰਜ ਨੀ ਕਰੀਦਾ। ਇਨ੍ਹਾਂ ਨੂੰ ਥੋੜ੍ਹਾ ਜਿਹਾ ਖ਼ੁਸ਼ ਹੋ ਕੇ ਬੁਲਾ ਲਓ, ਓਨੇ 'ਚ ਹੀ ਫੁੱਲ ਜਾਂਦੇ ਨੇ। ਸ਼ਹਿਰੀਆਂ ਵਿੱਚ ਇਹੋ ਗੁਣ ਹੁੰਦੈ। ਗੁਰਪ੍ਰੀਤ ਨੂੰ ਤਾਂ ਮੈਂ ਚੰਗੀ ਤਰ੍ਹਾਂ ਜਾਣਦਾ। ਬੀ.ਏ. ਉਹ ਨੇ ਸਾਡੇ ਪਿੰਡ ਰਹਿ ਕੇ ਹੀ ਕੀਤੀ ਸੀ। ਹੁਣ ਸ਼ਹਿਰ ਵਿੱਚ ਰਹਿਣ ਕਰਕੇ ਥੋੜ੍ਹਾ ਜਿਹਾ ਮੀਸਣਾ ਬਣ ਗਿਐ। ਤੂੰ ਵੀ ਇਵੇਂ ਦੇ ਟੈਕਟ ਵਰਤ ਲਿਆ ਕਰ। ਮੰਮੀ ਜੀ ਆਖਣ ਨਾਲ ਤੇਰਾ ਕੀ ਘਟ ਜਾਣੈ। ਚੰਗੀ ਤਰ੍ਹਾਂ ਬੋਲਣਾ ਵੀ ਇੱਕ ਕਲਾ ਈ ਹੁੰਦੀ ਆ। ਕਈ ਵਾਰ ਤਾਂ ਸ਼ਬਦ ਵੀ ਜਾਦੂ ਵਾਂਗ ਈ ਕੰਮ ਕਰਦੇ ਆ। ਸੁਲੱਖਣ ਆਪਣੀ ਘਰਵਾਲੀ ਅਮਨਦੀਪ ਨੂੰ ਸਮਝਾ ਰਿਹਾ ਸੀ। ਸੁਲੱਖਣ! ਆਈਂ ਜ਼ਰਾ ਗੱਲ ਸੁਣੀ। ਨਾਲ ਦੇ ਕਮਰੇ ਵਿੱਚ ਬੈਠੀ ਬਚਿੰਤ ਕੌਰ ਨੇ ਆਪਣੇ ਪੁੱਤ ਨੂੰ ਉੱਚੀ ਆਵਾਜ਼ ਮਾਰ ਕੇ ਆਪਣੇ ਕੋਲ ਬੁਲਾ ਲਿਆ। ਉਹ ਸੁਲੱਖਣ ਨੂੰ ਚੰਡੀਗੜ੍ਹ ਜਾਣ ਬਾਰੇ ਪੁੱਛਣ ਲਈ ਬੜੀ ਉਤਾਵਲੀ ਹੋਈ ਪਈ ਸੀ।

ਕਾਕਾ ਅੱਜ ਚੰਡੀਗੜ੍ਹ ਤੋਂ ਗੁਰਪ੍ਰੀਤ ਤੇ ਰਾਜਬੰਤ ਆਏ ਸੀ। ਥੋਨੂੰ ਮਿਲਣ ਨੂੰ ਉਡੀਕਦੇ ਰਹੇ, ਪਰ ਤੁਸੀਂ ਸ਼ਹਿਰ ਈ ਨੇਰ੍ਹਾ ਕਰ ਲਿਆ। ਰਾਜਬੰਤ ਮੈਨੂੰ ਚੰਡੀਗੜ੍ਹ ਆਉਣ ਲਈ ਕਈ ਵਾਰ ਆਖ ਕੇ ਗਈ ਆ। ਜਦੋਂ ਅਗਲਾ ਐਨਾ ਮੋਹ ਕਰਦਾ ਹੋਵੇ ਤਾਂ ਮਾਣ-ਤਾਣ ਤੇ ਰੱਖਣਾ ਈ ਚਾਹੀਦਾ। ਹੋਰ ਜੱਗ ਵਿੱਚ ਹੈ ਵੀ ਕੀ? ਜੇ ਮੈਂ ਪੰਜ-ਸੱਤ ਦਿਨ ਚੰਡੀਗੜ੍ਹ ਰਹਿ ਵੀ ਆਵਾਂ ਤਾਂ ਇਹਦੇ ਵਿੱਚ ਹਰਜ਼ ਵੀ ਕੀ ਆ। ਬਚਿੰਤ ਕੌਰ ਆਪਣੇ ਪੁੱਤ ਨੂੰ ਚਾਈਂ-ਚਾਈਂ ਦੱਸ ਰਹੀ ਸੀ।

ਮਾਤਾ ਜੀ, ਮੈਂ ਤੁਹਾਨੂੰ ਕਦੋਂ ਰੋਕਦੈਂ। ਜਦੋਂ ਤੁਹਾਡਾ ਚਿੱਤ ਕਰੇ ਜਾ ਆਇਓ। ਸੁਲੱਖਣ ਨੇ ਵੀ ਆਪਣੀ ਮਾਤਾ ਜੀ ਦੀ ਆਖੀ ਗੱਲ ਦੀ ਝੱਟ ਹਾਮੀ ਭਰ ਦਿੱਤੀ। ਪੁੱਤ! ਖਾਲੀ ਹੱਥ ਥੋੜ੍ਹੇ ਜਾ ਹੋਣਾ। ਨਿਆਣੇ ਆਖਣਗੇ 'ਮਾਮੀ ਜੀ ਖਾਲੀ ਹੱਥ ਈ ਆ ਗਏ।' ਮੈਂ ਸੋਚਦੀ ਆਂ ਕਿ ਉਨ੍ਹਾਂ ਲਈ ਪਿੰਨੀਆਂ ਬਣਾ ਕੇ ਲੈ ਜਾਵਾਂ। ਤੂੰ ਐਦਾ ਕਰੀਂ, ਕੱਲ੍ਹ ਨੂੰ ਸ਼ਹਿਰ ਤੋਂ ਤਿਲ ਤੇ ਸੀਹਲ ਲਿਆ ਦੇਵੀਂ। ਸ਼ਹਿਰੀਏ ਪਿੰਨੀਆਂ ਬੜੇ ਖ਼ੁਸ਼ ਹੋ ਕੇ ਖਾਂਦੇ ਆ। ਨਿਆਣਿਆਂ ਦੇ ਖਾਣ ਲਈ ਕੋਈ ਚੱਜ ਦੀ ਚੀਜ਼ ਈ ਚਾਹੀਦੀ ਆ। ਮਾਤਾ ਜੀ, ਜਿਵੇਂ ਤੁਸੀਂ ਆਖਦੇ ਓ, ਮੈਂ ਕਰ ਦੇਵਾਂਗਾ। ਪੁੱਤ ਦੇਸੀ ਘਿਓ ਤੇ ਗੁੜ ਤਾਂ ਘਰ ਈ ਹੈਗੇ ਆ। ਬਦਾਮ, ਕਾਜੂ, ਸੌਂਗੀ ਥੋੜ੍ਹੀ-ਥੋੜ੍ਹੀ ਸ਼ਹਿਰੋਂ ਲੈ ਆਵੀਂ। ਨਿੱਕ-ਸੁੱਕ ਜਿਹਾ ਪਾ ਕੇ ਚੀਜ਼ ਸੁਆਦ ਬਣ ਜਾਂਦੀ ਆ। ਹੋਰ ਨਾ ਉਹ ਆਖਣ ਕਿ ਮਾਮੀ ਜੀ ਨੇ ਪਿੰਨੀਆਂ ਬਣਾ ਕੇ ਜਾਬਤਾ ਜਿਹਾ ਈ ਪੂਰਾ ਕੀਤਾ ਆ। ਬਚਿੰਤ ਕੌਰ ਖ਼ੁਸ਼ੀ ਵਿੱਚ ਰਮਤੀ ਹੋਈ ਆਪਣੇ ਪੁੱਤ ਨੂੰ ਸਾਮਾਨ ਲਿਆਉਣ ਬਾਰੇ ਸਮਝਾ ਰਹੀ ਸੀ। ਸੁਲੱਖਣ ਦੂਜੇ ਦਿਨ ਹੀ ਆਪਣੀ ਮਾਂ ਦਾ ਆਖਿਆ ਸਾਰਾ ਸਾਮਾਨ ਸ਼ਹਿਰੋਂ ਲੈ ਆਇਆ ਸੀ। ਬਚਿੰਤ ਕੌਰ ਨੇ ਰਾਤ ਨੂੰ ਪਿੰਨੀਆਂ ਬਣਾ ਕੇ ਦੋ ਅੱਡ-ਅੱਡ ਡੱਬੇ ਭਰ ਲਏ। ਇੱਕ ਡੱਬੇ ਵਿੱਚ ਉਸ ਨੇ ਤਿਲਾਂ ਦੀਆਂ ਪਿੰਨੀਆਂ ਪਾ ਲਈਆਂ ਤੇ ਦੂਸਰੇ ਵਿੱਚ ਸੀਹਲ ਦੀਆਂ। ਅਗਲੇ ਦਿਨ ਸਵੱਖਤੇ ਹੀ ਸੁਲੱਖਣ ਆਪਣੀ ਮਾਤਾ ਨੂੰ ਸਕੂਟਰ ਉੱਤੇ ਨੇੜੇ ਦੇ ਬੱਸ ਅੱਡੇ ਤੋਂ ਚੰਡੀਗੜ੍ਹ ਜਾਣ ਵਾਲੀ ਬੱਸ ਚੜ੍ਹਾ ਆਇਆ। ਤਿੰਨ ਕੁ ਘੰਟੇ ਬਾਅਦ ਹੀ ਬਚਿੰਤ ਕੌਰ ਚੰਡੀਗੜ੍ਹ ਪਹੁੰਚ ਗਈ ਸੀ। ਸੁਲੱਖਣ ਨੇ ਇੱਕ ਕਾਗਜ਼ ਉੱਤੇ ਗੁਰਪ੍ਰੀਤ ਦੀ ਕੋਠੀ ਦਾ ਅਡਰੈਸ ਲਿਖ ਕੇ ਉਸ ਨੂੰ ਪਹਿਲੋਂ ਹੀ ਫੜਾ ਦਿੱਤਾ ਸੀ। ਚੰਡੀਗੜ੍ਹ ਪਹੁੰਚ ਕੇ ਬਚਿੰਤ ਕੌਰ ਨੇ ਰਿਕਸ਼ਾ ਕਰ ਲਿਆ ਤੇ ਉਹ ਅਡਰੈਸ ਵਾਲਾ ਕਾਗਜ਼ ਰਿਕਸ਼ੇ ਵਾਲੇ ਭਈਏ ਨੂੰ ਵਿਖਾ ਕੇ ਸਵੇਰੇ ਦਸ ਕੁ ਵਜੇ ਹੀ ਆਪਣੇ ਭਾਣਜੇ ਦੀ ਕੋਠੀ ਜਾ ਅੱਪੜੀ ਸੀ।

ਮਾਮੀ ਜੀ, ਪੈਰੀਂ ਪੈਨੀ ਆਂ। ਰਿਕਸ਼ੇ ਤੋਂ ਉੱਤਰ ਕੇ ਕੋਠੀ ਦੇ ਬਾਹਰ ਡੋਰ-ਭੋਰ ਹੋਈ ਖੜ੍ਹੀ ਬਚਿੰਤ ਕੌਰ ਇਹ ਅਚਨਚੇਤ ਆਈ ਆਵਾਜ਼ ਸੁਣ ਕੇ ਖ਼ੁਸ਼ ਹੋ ਗਈ। ਬਚਿੰਤ ਕੌਰ ਨੂੰ ਕਿਚਨ ਦੀ ਖਿੜਕੀ ਵਿੱਚੋਂ ਵੇਖ ਕੇ ਰਾਜਬੰਤ ਨੇ ਹੱਸਦਿਆਂ ਉੱਚੀ ਦੇਣੀ ਆਖਿਆ ਸੀ। ਜਿਊਂਦੇ ਰਹੋ, ਪੁੱਤ ਜਿਊਂਦੇ ਰਹੋ। ਬਚਿੰਤ ਕੌਰ ਨੇ ਵੀ ਜਤਾਏ ਇਸ ਇੱਜ਼ਤ-ਮਾਣ ਦਾ ਜੁਆਬ ਅਸੀਸ ਦੇ ਕੇ ਹੀ ਦਿੱਤਾ। ਬਚਿੰਤ ਕੌਰ ਆਪਣੀ ਭਾਣਜ-ਨੂੰਹ 'ਤੇ ਸਦਕੇ-ਸਦਕੇ ਜਾ ਰਹੀ ਸੀ। ਵਾਹ-ਬਈ-ਵਾਹ। ਆਹ ਤੇ ਮਾਮੀ ਜੀ ਖਾਸਾ ਕੁਝ ਚੁੱਕੀ ਲਿਆਏ ਆ। ਮਾਮੀ ਜੀ! ਭਲਾ ਤੁਹਾਨੂੰ ਐਨਾ ਭਾਰ ਚੁੱਕਣ ਦੀ ਕੀ ਲੋੜ ਪਈ ਸੀ। ਰਾਜਬੰਤ ਨੇ ਨਾਲ ਲੱਗਦਿਆਂ ਹੀ ਉਸ ਦੇ ਹੱਥਾਂ ਵਿੱਚ ਫੜੇ ਦੋ ਡੱਬੇ ਵੇਖਦਿਆਂ ਆਖਿਆ।

ਪੁੱਤ! ਇਹਦਾ ਕਾਹਦਾ ਭਾਰ ਆ। ਇਹ ਤਾਂ ਮੈਂ ਥੋਡੇ ਲਈ ਪਿੰਨੀਆਂ ਬਣਾ ਕੇ ਲਿਆਈ ਆਂ। ਇੱਕ ਡੱਬੇ ਵਿੱਚ ਤਿਲਾਂ ਦੀਆਂ ਪਿੰਨੀਆਂ ਤੇ ਦੂਜੇ ਵਿੱਚ ਸੀਹਲ ਦੀਆਂ। ਮੈਂ ਆਪਣੇ ਨਿਆਣਿਆਂ ਦੇ ਘਰ ਖਾਲੀ ਹੱਥ ਥੋੜ੍ਹੇ ਆਉਣਾ ਸੀ। ਪੁੱਤ! ਇਹ ਦੇਸੀ ਘਿਓ ਦੀਆਂ ਪਿੰਨੀਆਂ ਐ, ਐਦਾਂ ਨਾ ਸੋਚਿਓ ਕਿ ਮਾਮੀ ਜੀ ਡਾਲਡੇ ਘਿਓ ਦੀਆਂ ਪਿੰਨੀਆਂ ਬਣਾ ਕੇ ਚੁੱਕ ਲਿਆਏ ਆ। ਬਚਿੰਤ ਕੌਰ ਗੱਲ ਕਰਦਿਆਂ ਆਪ ਹੀ ਆਪਣੀ ਸਫ਼ਾਈ ਪੇਸ਼ ਕਰੀ ਜਾ ਰਹੀ ਸੀ।

ਮਾਮੀ ਜੀ! ਮੈਂ ਤਾਂ ਹੈਰਾਨ ਆਂ। ਤੁਸੀਂ ਸਾਡਾ ਘਰ ਲੱਭ ਕਿਵੇਂ ਲਿਐ। ਚੰਡੀਗੜ੍ਹ ਆ ਕੇ ਤਾਂ ਪੜ੍ਹੇ-ਲਿਖੇ ਬੰਦਿਆਂ ਦੀ ਮੱਤ ਮਾਰੀ ਜਾਂਦੀ ਆ, ਪਰ ਤੁਸੀਂ ਤਾਂ ਕਮਾਲ ਈ ਕਰ ਦਿੱਤੀ। ਆਪਣੀ ਮਾਮੀ ਨੂੰ ਗੇਟ ਵਿੱਚ ਖੜ੍ਹੀ ਵੇਖ ਕੇ ਘਰ ਤੋਂ ਬਾਹਰ ਨਿਕਲਿਆ ਗੁਰਪ੍ਰੀਤ ਵੀ ਹੈਰਾਨੀ ਵਿੱਚ ਬੋਲਿਆ।

ਭਾਣਜਿਆ, ਸਲੱਖਣ ਨੇ ਥੋਡੀ ਕੋਠੀ ਦਾ ਪਤਾ ਮੈਨੂੰ ਇੱਕ ਕਾਗਜ਼ 'ਤੇ ਲਿਖ ਕੇ ਦੇ ਦਿੱਤਾ ਸੀ। ਓਹੀ ਮੈਂ ਰਿਕਸ਼ੇ ਵਾਲੇ ਨੂੰ ਫੜਾ ਦਿੱਤਾ। ਉਹ ਸਿੱਧਾ ਹੀ ਥੋਡੀ ਕੋਠੀ ਲੈ ਕੇ ਆ ਗਿਆ।

ਮਾਮੀ ਜੀ! ਫਿਰ ਵੀ ਪੇਂਡੂ ਬੰਦੇ ਤਾਂ ਇੱਥੇ ਆ ਕੇ ਉਵੇਂ ਈ ਔਟਲ ਜਾਂਦੇ ਆ। ਪਰ ਤੁਹਾਨੂੰ ਤਾਂ ਭੋਰਾ ਵੀ ਫਰਕ ਨਹੀਂ। ਤੁਹਾਡਾ ਚਿਹਰਾ ਤਾਂ ਖ਼ੁਸ਼ੀ ਵਿੱਚ ਲਾਲ ਹੋਇਆ ਪਿਐ। ਗੁਰਪ੍ਰੀਤ ਆਪਣੀ ਮਾਮੀ ਨੂੰ ਖ਼ੁਸ਼ ਵੇਖ ਕੇ ਬੋਲਿਆ।

ਭਾਣਜਿਆ, ਜਿੱਦਣ ਤੁਸੀਂ ਸਾਡੇ ਪਿੰਡ ਗਏ ਸੀ, ਮੈਨੂੰ ਤਾਂ ਓਦਣ ਦੀ ਈ ਬੜੀ ਖ਼ੁਸ਼ੀ ਚੜ੍ਹੀ ਪਈ ਆ। ਮੇਰਾ ਮਨ ਤਾਂ ਉਦੋਂ ਦਾ ਈ ਚੰਡੀਗੜ੍ਹ ਆਉਣ ਨੂੰ ਕਾਹਲਾ ਪਿਆ ਹੋਇਆ ਸੀ। ਮੈਂ ਤਾਂ ਸਾਰੇ ਆਂਢ-ਗੁਆਂਢ ਵੀ ਚੰਡੀਗੜ੍ਹ ਜਾਣ ਬਾਰੇ ਦੱਸ ਕੇ ਆਈ ਆਂ। ਮੈਂ ਸੋਚਿਆ ਕਿ ਜੇ ਮੈਂ ਨਾ ਗਈ ਤਾਂ ਕਿਤੇ ਮੇਰੀ ਭਾਣਜ-ਨੂੰਹ ਮੂੰਹ ਮੋਟਾ ਈ ਨਾ ਕਰ ਲਵੇ। ਅਗਲੀ ਨੇ ਮੈਨੂੰ ਐਨੇ ਚਾਅ ਨਾਲ ਸੱਦਿਆ। ਬਚਿੰਤ ਕੌਰ ਦੀ ਅੰਦਰਲੀ ਖ਼ੁਸ਼ੀ ਬਦੋ-ਬਦੀ ਬਾਹਰ ਉੱਛਲ ਰਹੀ ਸੀ। ਆਹ ਵੇਖੋ ਜੀ, ਮਾਮੀ ਜੀ, ਕਿੰਨੀਆਂ ਸੁਆਦ ਪਿੰਨੀਆਂ ਬਣਾ ਕੇ ਲਿਆਏ ਨੇ। ਡੱਬੇ ਵਿੱਚੋਂ ਇੱਕ ਪਿੰਨੀ ਦਾ ਸੁਆਦ ਚਖਦੀ ਹੋਈ ਰਾਜਬੰਤ ਬੋਲੀ। ਵਾਹ! ਇਹ ਤੇ ਪਿੰਨੀਆਂ ਵੀ ਗੁੜ ਦੀਆਂ ਨੇ। ਕਾਜੂ ਤੇ ਬਦਾਮਾਂ ਵਾਲੀਆਂ। ਵਾਹ ਮਾਮੀ ਜੀ, ਕੀ ਕਹਿਣੇ ਤੁਹਾਡੇ। ਗੁਰਪ੍ਰੀਤ ਵੀ ਇੱਕ ਪਿੰਨੀ ਦਾ ਸੁਆਦ ਵੇਖਦਾ ਹੋਇਆ ਬੋਲਿਆ।

ਮਾਮੀ ਜੀ! ਸੱਚ ਦੱਸਿਓ। ਇਹ ਤੁਸੀਂ ਆਪ ਬਣਾਈਆਂ ਨੇ ਜਾਂ ਸ਼ਹਿਰ ਤੋਂ ਖਰੀਦੀਆਂ ਨੇ। ਰਾਜਬੰਤ ਖਸਿਆਨਾ ਜਿਹਾ ਹੱਸਦੀ ਹੋਈ ਆਪਣੀ ਮਾਮੀ ਦੀ ਵਡਿਆਈ ਤੇ ਵਡਿਆਈ ਕਰੀ ਜਾ ਰਹੀ ਸੀ। ਬਹੁਟੀਏ! ਮੈਨੂੰ ਤੇਰੀ ਸਹੁੰ ਲੱਗੇ। ਇਹ ਤਾਂ ਕੱਲ੍ਹ ਰਾਤ ਮੈਂ ਆਪ ਈ ਬਣਾਈਆਂ ਐਂ। ਇੱਦਾਂ ਦੀਆਂ ਪਿੰਨੀਆਂ ਦੁਕਾਨਾਂ 'ਤੇ ਮਿਲਦੀਆਂ ਐ ਭਲਾ। ਨਾਲੇ ਤੈਥੋਂ ਕਾਹਦਾ ਓਹਲਾ। ਬਚਿੰਤ ਕੌਰ ਗੱਲਾਂ ਕਰਦੀ ਫੁੱਲੀ ਨਹੀਂ ਸਮਾ ਰਹੀ ਸੀ। ਜਿਉਂ-ਜਿਉਂ ਬਚਿੰਤ ਕੌਰ ਖ਼ੁਸ਼ ਹੋਈ ਜਾ ਰਹੀ ਸੀ, ਰਾਜਬੰਤ ਪਿੰਨੀਆਂ ਦੇ ਹੋਰ ਗੁਣ ਗਾਈ ਜਾ ਰਹੀ ਸੀ।

ਮਾਮੀ ਜੀ! ਇਵੇਂ ਦੀਆਂ ਪਿੰਨੀਆਂ ਬਣਾਉਣ ਦਾ ਫਾਰਮੂਲਾ ਸਾਨੂੰ ਵੀ ਸਮਝਾ ਦਿਓ। ਰਾਜਬੰਤ ਨੇ ਆਪਣੇ ਹਾਸੇ ਨੂੰ ਜ਼ਿਹਨ 'ਚੋਂ ਸਮੇਟਦਿਆਂ ਗੰਭੀਰ ਲਹਿਜ਼ੇ ਵਿੱਚ ਆਖਿਆ।

ਰਾਜਬੰਤ! ਫਾਰਮੂਲਾ ਕਾਹਦਾ। ਇਹ ਤਾਂ ਬੰਦੇ ਦੇ ਹੱਥ ਜਸ ਹੁੰਦੈ। ਜੇ ਤੈਨੂੰ ਮੇਰੀਆਂ ਬਣਾਈਆਂ ਪਿੰਨੀਆਂ ਐਨੀਆਂ ਈ ਸੁਆਦ ਲਗਦੀਆਂ ਐਂ, ਤਾਂ ਮੈਂ ਹਰ ਸਾਲ ਚੰਡੀਗੜ੍ਹ ਆ ਕੇ ਥੋਡੇ ਲਈ ਪਿੰਨੀਆਂ ਬਣਾ ਦਿਆਂ ਕਰੂੰਗੀ। ਮੈਂ ਆਪਣੀ ਭਾਣਜ-ਨੂੰਹ ਲਈ। ਐਨਾ ਕੰਮ ਵੀ ਨਹੀਂ ਕਰ ਸਕਦੀ। ਨਾਲੇ ਬਹਾਨੇ ਨਾਲ ਥੋਨੂੰ ਮਿਲ ਜਾਇਆ ਕਰੂੰਗੀ। ਬਚਿੰਤ ਕੌਰ ਹੁੱਬ ਕੇ ਬੋਲੀ।

ਮਾਮੀ ਜੀ! ਤਹਾਨੂੰ ਐਨੀ ਤਕਲੀਫ਼ ਥੋੜ੍ਹੇ ਦੇਣੀ ਆਂ। ਸਿਆਣੀ ਉਮਰ ਵਿੱਚ ਐਨੀ ਦੂਰ ਤੋਂ ਆਉਣਾ ਕਿਹੜਾ ਸੌਖਾ ਹੁੰਦੈ।

ਨਹੀਂ ਰਾਜਬੰਤ! ਤਕਲੀਫ਼ ਕਾਹਦੀ? ਭਲਾ ਆਪਣੇ ਬੱਚਿਆਂ ਨੂੰ ਮਿਲਣ ਆਉਣ ਦੀ ਵੀ ਕੋਈ ਤਕਲੀਫ਼ ਹੁੰਦੀ ਆ। ਨਾਲੇ ਤੇਰਾ ਉਲਾਂਭਾ ਲਹਿ ਜਾਇਆ ਕਰੂਗਾ ਕਿ ਮਾਮੀ ਜੀ ਸਾਨੂੰ ਮਿਲਣ ਨੀਂ ਆਉਂਦੇ। ਨਾ, ਮਾਮੀ ਜੀ ਨਾ। ਸਾਡੇ 'ਤੇ ਐਨਾ ਭਾਰ ਨਾ ਚਾੜ੍ਹੋ। ਐਵੇਂ ਆਉਂਦੇ-ਜਾਂਦੇ ਬੱਸਾਂ ਵਿੱਚ ਕੋਈ ਸੱਟ-ਚੋਟ ਲੱਗ ਜਾਵੇ, ਫਿਰ ਅਸੀਂ ਆਪਣੀ ਮਾਮੀ ਜੀ ਕਿੱਥੋਂ ਲੱਭਣੇ ਆਂ। ਇਵੇਂ ਨੀ ਕਰਨਾ। ਅਸੀਂ ਕੱਚੀਆਂ-ਪਿੱਲੀਆਂ ਪਿੰਨੀਆਂ ਆਪ ਈ ਬਣਾ ਲਿਆ ਕਰਾਂਗੇ। ਅਸੀਂ ਬਜ਼ੁਰਗਾਂ ਦੀ ਸੇਵਾ ਕਰਨੀ ਆਂ ਕਿ ਉਨ੍ਹਾਂ ਨੂੰ ਮੁਸੀਬਤਾਂ ਵਿੱਚ ਪਾਉਣੈ।

ਬਹੁਟੀਏ! ਤੂੰ ਕਿੱਦਾਂ ਦੀਆਂ ਗੱਲਾਂ ਕਰਦੀ ਐਂ? ਤੂੰ ਮੇਰਾ ਐਨਾ ਤੇਹ ਕਰਦੀ ਐਂ, ਕਿਆ ਮੈਂ ਥੋਡੇ ਲਈ ਐਨਾ ਵੀ ਕਸ਼ਟ ਨੀ ਝੱਲ ਸਕਦੀ। ਜਿਉਂਦੀ ਵੱਸਦੀ ਰਹੇ ਮੇਰੀ ਭਾਣਜ-ਨੂੰਹ।

ਬਚਿੰਤ ਕੌਰ ਅੱਜ ਚੰਡੀਗੜ੍ਹ ਆ ਕੇ ਬਾਹਲੀ ਖ਼ੁਸ਼ ਸੀ। ਪਤਾ ਨਹੀਂ ਅੱਜ ਉਹਨੂੰ ਗੱਲ ਕਿੱਥੋਂ ਉੱਤਰ ਰਹੀ ਸੀ। ਰਾਜਬੰਤ ਦੀ ਹਰ ਗੱਲ ਦਾ ਜੁਆਬ ਠਾਹ ਦੇਣੀ ਕੱਢ ਮਾਰਦੀ ਸੀ। ਦੋ-ਤਿੰਨ ਘੰਟੇ ਤਾਂ ਗੱਲਾਂ-ਬਾਤਾਂ ਕਰਦਿਆਂ ਉਵੇਂ ਹੀ ਲੰਘ ਗਏ ਸਨ। ਦੁਪਹਿਰ ਦਾ ਖਾਣਾ ਖਾਣ ਤੋਂ ਬਾਅਦ ਵੀ ਬਚਿੰਤ ਕੌਰ ਦੀਆਂ ਗੱਲਾਂ ਦੀ ਲੜੀ ਪਹਿਲਾਂ ਵਾਂਗ ਹੀ ਨਿਰੰਤਰ ਜਾਰੀ ਸੀ। ਚੰਡੀਗੜ੍ਹ ਆਉਣ ਦੀ ਖ਼ੁਸ਼ੀ ਕਾਰਨ ਉਸ ਨੂੰ ਨੀਂਦਰ ਵੀ ਨਹੀਂ ਸੀ ਪੈ ਰਹੀ। (ਚਲਦਾ)

# ਪਾਕਿਸਤਾਨ 'ਚ ਪੰਜਾਬੀ ਜ਼ੁਬਾਨ ਦੀ ਲਹਿਰ ਅਤੇ ਪੜ੍ਹਾਈ

ਡਾ. ਟੀ. ਐਸ. ਮੱਲ੍ਹੀ


ਪੰਜਾਬੀ ਬੋਲੀ ਦੀ ਲਹਿਰ ਪਾਕਿਸਤਾਨ ਦੇ ਹੋਂਦ ਵਿੱਚ ਆਉਣ ਤੋਂ ਕੁੱਝ ਸਮਾਂ ਬਾਅਦ ਹੀ ਸ਼ੁਰੂ ਹੋ ਗਈ ਸੀ। ਇਸ ਲਹਿਰ ਦੇ ਮੋਢੀਆਂ ਵਿੱਚ ਅਬਦੁਲ ਮਜੀਦ ਸਾਲਕ, ਮੌਲਾ ਬਖਸ਼ ਕੁਸ਼ਤਾ, ਜੋਸ਼ੂਆ ਫਜਲਦੀਨ ਸ਼ਰਫ ਜੀ, ਮਾਸਿਕ ਪੰਜ ਦਰਿਆ ਦੇ ਸੰਪਾਦਕ ਅਫਜਲ ਖਾਂ ਸਾਹਿਬ, ਮਾਸਿਕ ਪੰਜਾਬੀ ਅਦਬ ਦੇ ਐਡੀਟਰ ਆਸਿਫ ਖਾਨ, ਉਸਤਾਦ ਹਮਦਮ, ਉਸਤਾਦ ਦਾਮਨ, ਅਬਦੁਲ ਮਜੀਦ ਭੱਟੀ, ਮਲਕ ਲਾਲ ਦੀ ਕੈਸਰ ਅਤੇ ਹੋਰ ਬਹੁਤ ਸਾਰੇ ਪੰਜਾਬੀ ਪਿਆਰੇ ਅਤੇ ਲਿਖਾਰੀ। ਡਾ. ਫਕੀਰ ਮੁਹੰਮਦ ਫਕੀਰ ਇਸ ਲਹਿਰ ਵਿੱਚ ਪੇਸ਼ ਸਨ। ਆਪ ਨੇ ਉਨ੍ਹਾਂ ਸਮਿਆਂ ਵਿੱਚ ਪੰਜਾਬੀ ਦਾ ਝੰਡਾ ਬੁਲੰਦ ਰੱਖਿਆ। ਜਦੋਂ ਮਾਹੌਲ ਸਾਜ਼ਗਾਰ ਨਹੀਂ ਸੀ ਅਤੇ ਪੰਜਾਬੀ ਲਈ ਬਖੇੜਿਆਂ ਦਾ ਸਮਾਂ ਸੀ। ਪੰਜਾਬੀ ਦੇ ਹੱਕ ਵਿੱਚ ਗੱਲ ਕਰਨੀ ਦੇਸ਼ ਅਤੇ ਇਸਲਾਮ ਦੇ ਵਿਰੁੱਧ ਸਮਝੀ ਜਾਂਦੀ ਸੀ। ਆਪ ਨੇ 1956 ਵਿੱਚ ਲਾਇਲਪੁਰ (ਹੁਣ ਫੈਜ਼ਲਾਬਾਦ) ਦੇ ਧੋਬੀ ਘਾਟ ਮੈਦਾਨ ਵਿੱਚ ਇੱਕ ਪੰਜਾਬੀ ਕਾਨਫਰੰਸ ਬੁਲਾਉਣ ਦਾ ਇੰਤਜ਼ਾਮ ਕੀਤਾ। ਇਸ ਕਾਨਫਰੰਸ ਦੀ ਪ੍ਰਧਾਨਗੀ ਮੌਲਾਨਾ ਅਬਦੁਲ ਮਜੀਦ ਸਾਲਕ ਹੋਰਾਂ ਕੀਤੀ। ਡਾ. ਫਕੀਰ ਸਾਹਿਬ ਨੇ ਇੱਕ ਕਰਾਰਦਾਦ (ਮਤਾ) ਰੱਖੀ। ਜਿਸ ਵਿੱਚ ਮੰਗ ਕੀਤੀ ਗਈ ਕਿ ਪੰਜਾਬੀ ਦੇ ਸਕੂਲਾਂ ਅਤੇ ਕਾਲਜਾਂ ਵਿੱਚ ਪੰਜਾਬੀ ਦੀ ਪੜ੍ਹਾਈ ਸ਼ੁਰੂ ਕਰਨ ਦਾ ਪ੍ਰਬੰਧ ਕੀਤਾ ਜਾਵੇ। ਇਸ ਤਰ੍ਹਾਂ ਆਪ ਨੇ ਪੰਜਾਬੀ ਨੂੰ ਲਾਗੂ ਕਰਵਾਉਣ ਦੀ ਮੰਗ ਦੀ ਲਹਿਰ ਨੂੰ ਅਗਾਂਹ ਟੋਰਿਆ। (ਪਾਕਿਸਤਾਨੀ ਕਿਤਾਬ 'ਰੇਸ਼ਮੀ ਤੰਦਾਂ' ਵਿੱਚ ਰਾਕਮ ਦਾ ਪੰਜਾਬੀ ਲਹਿਰ ਬਾਰੇ ਲੇਖ ਸਫਾ 33) ਪਹਿਲਾਂ ਪੰਜਾਬੀ ਛੇਵੀਂ ਤੋਂ ਬੀ.ਏ. ਤੱਕ ਅਖਤਿਆਰੀ ਵਿਸ਼ੇ ਦੇ ਤੌਰ 'ਤੇ ਹੀ ਸੀ, ਉਹ ਵੀ ਸਿਰਫ ਕਾਗਜ਼ਾਂ ਵਿੱਚ ਹੀ। ਇਹ ਸਿਰਫ ਪੰਜਾਬੀ ਲਹਿਰ ਦਾ ਅਸਰ ਹੀਸੀ ਕਿ 1965 ਤੋਂ ਪੰਜਾਬੀ ਅਮਲੀ ਤੌਰ 'ਤੇ ਸਕੂਲਾਂ ਅਤੇ ਕਾਲਜਾਂ ਵਿੱਚ ਪੜ੍ਹਾਈ ਜਾਣ ਲੱਗੀ।



ਪੰਜਾਬੀ ਬੋਲੀ ਦੀ ਲਹਿਰ ਆਪਣੀ ਮੱਠੀ ਚਾਲ ਨਾਲ ਅਗਾਂਹ ਵੱਧਦੀ ਰਹੀ। ਪੰਜਾਬੀ ਤਹਿਰੀਕ (ਲਹਿਰ) ਨੂੰ ਵੱਡਾ ਹੁੰਗਾਰਾ ਅਤੇ ਹੁਲਾਰਾ ਉਸ ਵੇਲੇ ਮਿਲਿਆ, ਜਦੋਂ 17 ਜੁਲਾਈ 1970 ਨੂੰ ਡਾ. ਫਕੀਰ ਮੁਹੰਮਦ ਫਕੀਰ ਅਤੇ ਵੱਡੇ ਪੰਜਾਬੀ ਸੇਵਕ ਮੁਸ਼ਤਾਕ ਬੱਟ ਦੀਆਂ ਕੋਸ਼ਿਸ਼ਾਂ ਨਾਲ ਬਹੁਤ ਸਾਰੀਆਂ ਤਨਜ਼ੀਮਾਂ ਨੇ ਰਲ ਕੇ ਲਾਹੌਰ ਵਿੱਚ ਪੰਜਾਬੀ ਬੋਲੀ ਦੀ ਹਿਮਾਇਤ ਵਿੱਚ ਇੱਕ ਬਹੁਤ ਵੱਡਾ ਜਲੂਸ ਕੱਢਿਆ, ਜਿਹੜਾ ਬੜਾ ਕਾਮਯਾਬ ਜਲੂਸ ਸੀ। ਉਸ ਸਮੇਂ ਦੇ ਇੱਕ ਬਹੁਤ ਹੀ ਮਸ਼ਹੂਰ ਕੌਮੀ ਅਖਬਾਰ "ਮਸ਼ਰਕ" ਜੋ ਕਿ ਇੱਕੋ ਸਮੇਂ ਕਰਾਚੀ, ਪਿਸ਼ਾਵਰ ਅਤੇ ਲਾਹੌਰ ਤੋਂ ਨਿਕਲਦਾ ਸੀ, ਨੇ ਇਸ ਜਲੂਸ/ਮੁਜ਼ਾਹਰੇ ਦੀ ਪ੍ਰਭਾਵਸ਼ਾਲੀ ਰਿਪੋਟਿੰਗ ਕੀਤੀ। ਇਸ ਮੁਜ਼ਾਹਰੇ ਦਾ ਪ੍ਰਬੰਧ ਪੰਜਾਬੀ ਅਦਬੀ ਸੰਗਤ, ਹਲਕਾ ਪੰਜਾਬੀ ਅਦਬ, ਦੇਸ਼ ਪੰਜਾਬ ਮਹਾਜ ਅਤੇ ਪੰਜਾਬੀ ਲੀਗ ਨੇ ਰਲ ਕੇ ਕੀਤਾ ਸੀ। ਇਹ ਮੁਜ਼ਾਹਰਾ ਰੂਪੀ ਜਲੂਸ ਸ਼ਹਿਰ ਦੇ ਵੱਖੋ-ਵੱਖ ਥਾਵਾਂ ਤੋਂ ਹੁੰਦਾ ਹੋਇਆ ਗੋਲ ਬਾਗ ਜਾ ਕੇ ਖਤਮ ਹੋਇਆ। ਮੁਜ਼ਾਹਰਾਕਾਰੀਆਂ ਨੇ ਜੋ ਕੁਤਬੇ (ਮਾਟੋ) ਚੁੱਕੇ ਹੋਏ ਸਨ, ਉਨ੍ਹਾਂ 'ਤੇ ਇਹ ਨਾਅਰੇ ਲਿਖੇ ਹੋਏ ਸਨ। ਪੰਜਾਬੀ ਪੜ੍ਹੋ, ਪੰਜਾਬੀ ਲਿਖੋ, ਪੰਜਾਬੀ ਬੋਲੋ, ਰੇਡੀਓ ਦੇ ਪ੍ਰੋਗਰਾਮ ਪੰਜਾਬੀ ਵਿੱਚ ਨਸ਼ਰ ਕੀਤੇ ਜਾਣ, ਪੰਜਾਬੀ ਜ਼ੁਬਾਨ ਜ਼ਿੰਦਾਬਾਦ ਵਗੈਰਾ। ਮੁਜ਼ਾਹਰੇ ਦੀ ਅਗਵਾਈ ਰਫੀਕ ਅਹਿਮਦ ਐਡਵੋਕੇਟ, ਮੁਸ਼ਤਾਕ ਬੱਟ, ਸਈਯਦ, ਅਖਤਰ ਹੁਸੈਨ ਅਖਤਰ (ਸੰਪਾਦਕ ਲਹਿਰਾਂ) ਰਊਫ ਸ਼ੇਖ ਅਤੇ ਚੌਧਰੀ ਮੁਹੰਮਦ ਅਫਜ਼ਲ ਖਾਨ ਸੰਪਾਦਕ ਮਾਸਿਕ 'ਪੰਜ ਦਰਿਆ' ਨੇ ਕੀਤੀ। ਜਲੂਸ ਵਿੱਚ ਪੰਜਾਬੀ ਦੇ ਮੰਨੇ ਪ੍ਰਮੰਨੇ ਕਵੀ ਤੇ ਸਾਹਿਤਕਾਰ ਡਾ. ਫਕੀਰ ਮੁਹੰਮਦ ਫਕੀਰ ਅਤੇ ਰਾਜਾ ਰਸਾਲੂ ਤੋਂ ਅੱਡ ਚੋਟੀ ਦੇ ਪੱਤਰਕਾਰ ਅਤੇ ਸਤਿਕਾਰਯੋਗ ਸ਼ਹਿਰੀ ਵੀ ਸ਼ਾਮਲ ਹੋਏ।

ਇਸ ਦੇ ਨਾਲ ਹੀ ਲੋਕ ਮਾਂ-ਬੋਲੀ ਪ੍ਰਤੀ ਜਾਗਰਤ ਹੋ ਰਹੇ ਸਨ। ਲਹਿੰਦੇ ਪੰਜਾਬ ਦੇ ਹਰ ਸ਼ਹਿਰ, ਕਸਬੇ ਅਤੇ ਕਈ ਥਾਈਂ ਤਾਂ ਪਿੰਡਾਂ ਵਿੱਚ ਵੀ ਵੱਖ-ਵੱਖ ਨਾਵਾਂ ਹੇਠ ਪੰਜਾਬੀ ਸਾਹਿਤ ਸਭਾਵਾਂ ਬਣੀਆਂ ਹੋਈਆਂ ਹਨ। ਪੰਜਾਬੋਂ ਬਾਹਰ ਵੀ ਖਾਸ ਕਰਕੇ ਕਰਾਚੀ, ਪਿਸ਼ਾਵਰ, ਕੋਇਟਾ ਆਦਿ ਸ਼ਹਿਰਾਂ ਵਿੱਚ ਪੰਜਾਬੀ ਅਦਬੀ ਤਨਜ਼ੀਮਾਂ ਬਣੀਆਂ ਹੋਈਆਂ ਹਨ। ਇਹ ਸਭਾਵਾਂ ਆਪਣੀਆਂ ਹਫਤਾਵਾਰੀ/ਮਹੀਨਾਵਾਰ ਬੈਠਕਾਂ ਵਿੱਚ ਪੰਜਾਬੀ ਨੂੰ ਉਸ ਦਾ ਬਣਦਾ ਥਾਂ ਦੇਣ ਲਈ ਮਤੇ ਪਾਸ ਕਰਦੀਆਂ ਰਹਿੰਦੀਆਂ ਹਨ। ਉੱਧਰ ਉਸ ਸਮੇਂ 1970-71 ਵਿੱਚ ਪੂਰਬੀ ਪਾਕਿਸਤਾਨ ਵਿੱਚ ਬੰਗਾਲੀ ਦੀ ਲਹਿਰ ਉਗਰ ਰੂਪ ਧਾਰ ਗਈ ਸੀ। ਸਾਰੇ ਹਾਲਾਤ ਨੂੰ ਦੇਖਦਿਆਂ ਸਰਕਾਰ ਨੂੰ ਪੰਜਾਬੀ ਜ਼ੁਬਾਨ ਲਈ ਕੁੱਝ ਕਰਨਾ ਜ਼ਰੂਰੀ ਹੋ ਗਿਆ। ਉਸ ਸਮੇਂ ਪੰਜਾਬੀ ਜ਼ੁਬਾਨ ਦੀ ਲਹਿਰ ਕੁੱਝ ਜ਼ੋਰ ਫੜ ਰਹੀ ਸੀ। ਸਿਆਸੀ ਸਟੇਜ 'ਤੇ ਪੀਪਲਜ਼ ਪਾਰਟੀ ਦੀ ਸਰਕਾਰ ਬਣ ਗਈ ਸੀ, ਜੋ ਖੇਤਰੀ ਬੋਲੀਆਂ ਨੂੰ ਤਰੱਕੀ ਦੇਣ ਦੇ ਹੱਕ ਵਿੱਚ ਸੀ। ਅੰਤ ਪੰਜਾਬੀ ਬੋਲੀ ਦੀ ਸੁਣੀ ਗਈ। 1972 ਵਿੱਚ ਪੰਜਾਬ ਯੂਨੀਵਰਸਿਟੀ ਵਿੱਚ ਐੱਮ.ਏ. ਪੰਜਾਬੀ ਦੀਆਂ ਕਲਾਸਾਂ ਸ਼ੁਰੂ ਕਰ ਦਿੱਤੀਆਂ ਗਈਆਂ ਅਤੇ ਬਹੁਤ ਸਾਰੇ ਕਾਲਜਾਂ ਵਿੱਚ ਪੰਜਾਬੀ ਦੇ ਵਿਭਾਗ ਕਾਇਮ ਕਰ ਦਿੱਤੇ ਗਏ। ਇਸ ਦੇ ਨਾਲ ਹੀ ਪੰਜਾਬੀ ਵਿੱਚ ਐੱਮ.ਫਿਲ ਅਤੇ ਪੀ.ਐੱਚ.ਡੀ. ਦੀਆਂ ਡਿਗਰੀਆਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ। ਸਮਾਂ ਪਾ ਕੇ ਮੁਲਤਾਨ ਬਹਾਵਲਪੁਰ ਅਤੇ ਹੋਰ ਯੂਨੀਵਰਸਿਟੀਆਂ ਵਿੱਚ ਵੀ ਐੱਮ.ਏ. ਪੰਜਾਬੀ ਦੀਆਂ ਕਲਾਸਾਂ ਸ਼ੁਰੂ ਕੀਤੀਆਂ ਗਈਆਂ।

ਜਿਸ ਖੇਤਰ ਵਿੱਚ ਪੰਜਾਬੀ ਪਿਆਰਿਆਂ ਨੂੰ ਵੱਡਾ ਲਾਭ ਪਹੁੰਚਿਆ, ਉਹ ਸੀ ਸੀ.ਐੱਸ.ਐੱਸ. ਅਤੇ ਪੀ.ਸੀ.ਐੱਸ. ਵਰਗੇ ਮੁਕਾਬਲੇ ਦੇ ਇਮਤਿਹਾਨਾਂ ਦੇ ਸਿਲੇਬਸ ਵਿੱਚ ਪੰਜਾਬੀ ਜ਼ੁਬਾਨ ਅਤੇ ਸਾਹਿਤ



ਨੂੰ ਇੱਕ ਵਿਸ਼ੇ ਦੇ ਤੌਰ 'ਤੇ ਰੱਖਣਾ। ਇਹ ਗੱਲ ਪੰਜਾਬੀ ਦੇ ਵਾਧੇ ਲਈ ਬਹੁਤ ਹੀ ਮਹੱਤਵਪੂਰਨ ਕਦਮ ਸੀ। ਡਾ. ਅਜ਼ਹਰ ਮਹਿਮੂਦ ਚੌਧਰੀ ਗੁਜਰਾਤ ਜੋ ਪੇਸ਼ੇ ਵੱਜੋਂ ਇੱਕ ਮਸ਼ਹੂਰ ਮਾਹਿਰ ਡਾਕਟਰ ਹਨ ਅਤੇ ਮਾਂ-ਬੋਲੀ ਦੇ ਲਿਖਾਰੀ, ਆਪਣੇ ਮਜ਼ਮੂਨ "ਪੰਜਾਬੀ ਦੀ ਤਾਲੀਮੀ ਹੈਸੀਅਤ" ਵਿੱਚ ਲਿਖਦੇ ਹਨ "ਹੁਣ ਇਹ ਇੱਕ ਅਟੱਲ ਸੱਚਾਈ ਹੈ ਕਿ ਉਹ ਤਾਲਿਬ ਇਲਮ (ਵਿਦਿਆਰਥੀ) ਜਿਸ ਨੇ ਕਦੇ ਭੁੱਲ ਕੇ ਵੀ ਪੰਜਾਬੀ ਨਹੀਂ ਪੜ੍ਹੀ ਹੁੰਦੀ, ਉਹ ਜਦੋਂ ਮਾਂ ਬੋਲੀ ਦੇ ਲੜ ਲੱਗਦਾ ਏ ਤੇ ਇਹ ਉਸ ਨੂੰ ਆਪਣੀ ਝੋਲੀ ਵਿੱਚ ਪਨਾਹ ਦਿੰਦੀ ਤੇ ਨਾਲ ਹੀ ਪਾਸ ਹੋਣ ਲਈ ਲੋੜੀਂਦਾ ਭਰੋਸਾ ਤੇ ਆਸ ਵੀ ਬਖਸ਼ਦੀ ਹੈ। ਅਣਗਿਣਵੇਂ ਜਵਾਨ ਪੰਜਾਬੀ ਦੀ ਵਜ੍ਹਾ ਨਾਲ ਕਾਮਯਾਬੀ ਦਾ ਮੂੰਹ ਵੇਖਦੇ ਤੇ ਤਰੱਕੀ ਦੀ ਪੌੜੀ ਚੜ੍ਹਦੇ ਨੇ। ਅੱਜ ਡੀ.ਐੱਮ.ਜੀ. ਪੁਲਿਸ, ਇਨਕਮ ਟੈਕਸ, ਕਸਟਮ, ਰੇਲਵੇ ਤੇ ਹੋਰ ਦੂਜੇ ਮਹਿਕਮਿਆਂ ਦੇ ਵੱਡੇ ਵੱਡੇ ਥੰਮ ਆਪਣੀ ਮਾਂ ਬੋਲੀ ਦੇ ਸਦਕੇ ਇਨ੍ਹਾਂ ਅਹੁਦਿਆਂ 'ਤੇ ਅਪੜੇ ਨੇ। ਇਹ ਜਾਨਣ ਭਾਵੇਂ ਨਾ ਜਾਨਣ। ਮਾਂ ਬੋਲੀ ਨੂੰ ਇਸ ਦਾ ਜਾਇਜ਼ ਹੱਕ ਤੇ ਮੁਕਾਮ ਦਿਵਾਉਣਾ ਇਨ੍ਹਾਂ ਅਫਸਰਾਂ ਤੇ ਵੀ ਓਨਾ ਹੀ ਫਰਜ ਏ ਜਿਨ੍ਹਾਂ ਮਾਂ ਬੋਲੀ ਦਿਆਂ ਕਾਮਿਆਂ ਦਾ ਤਕਾਜ਼ਾ (ਪਰਚਾ 'ਹੱਕ' 2003 ਸਫਾ 54)

ਹੁਣ ਵੇਖਣਾ ਇਹ ਹੈ ਕਿ ਕਿੰਨੇ ਕੁ ਮੁੰਡੇ ਕੁੜੀਆਂ ਪੰਜਾਬੀ ਪੜ੍ਹਨ ਦਾ ਸ਼ੌਕ ਰੱਖਦੇ ਹਨ। ਸ਼ਫੱਕਤ ਤਨਵੀਰ ਮਿਰਜ਼ਾ ਸਾਹਿਬ ਉਹ ਬਜ਼ੁਰਗ ਸ਼ਖਸੀਅਤ ਹਨ, ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਹੀ ਪੰਜਾਬੀ ਮਾਂ-ਬੋਲੀ ਦੀ ਤਰੱਕੀ ਲਈ ਅਰਪਣ ਕੀਤੀ।

### ਡਿਪਟੀ ਕਮਿਸ਼ਨਰ ਵੱਲੋਂ ਪਟਿਆਲਾ ਮੰਡੀ ਦਾ ਦੌਰਾ, ਝੋਨੇ ਦੀ ਖਰੀਦ ਤਿਆਰੀਆਂ ਦਾ ਜਾਇਜ਼ਾ

# ਪਟਿਆਲਾ ਜ਼ਿਲ੍ਹੇ ਦੀਆਂ ਸਾਰੀਆਂ ਮੰਡੀਆਂ 'ਚ ਝੋਨੇ ਦੀ ਖਰੀਦ ਦੇ ਪੁਖ਼ਤਾ ਹੋਣਗੇ ਪ੍ਰਬੰਧ : ਡਾ. ਪ੍ਰੀਤੀ ਯਾਦਵ

**ਪਟਿਆਲਾ, 1 ਅਕਤੂਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਝੋਨੇ ਦੀ ਖਰੀਦ ਦਾ ਜਾਇਜ਼ਾ ਲੈਣ ਲਈ ਪਟਿਆਲਾ ਅਨਾਜ ਮੰਡੀ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਜ਼ਿਲ੍ਹੇ ਦੀਆਂ ਸਾਰੀਆਂ ਮੰਡੀਆਂ ਵਿੱਚ ਹੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਮੁਤਾਬਕ ਝੋਨੇ ਦੀ ਖਰੀਦ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ ਤਾਂ ਕਿ ਕਿਸਾਨਾਂ ਨੂੰ ਆਪਣੀ ਫ਼ਸਲ ਵੇਚਣ ਸਮੇਂ ਕੋਈ ਦਿੱਕਤ ਨਾ ਆਵੇ। ਉਨ੍ਹਾਂ ਨੇ ਇਸ ਮੌਕੇ ਆੜ੍ਹਤੀਆ ਐਸੋਸੀਏਸ਼ਨ ਦੇ ਨੁਮਾਇੰਦਿਆਂ ਨਾਲ ਵੀ ਗੱਲਬਾਤ ਕੀਤੀ।



ਪਟਿਆਲਾ ਮੰਡੀ ਦਾ ਦੌਰਾ ਕਰਨ ਸਮੇਂ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਝੋਨੇ ਦੀ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਂਦੇ ਹੋਏ।

ਪਟਿਆਲਾ ਮੰਡੀ ਵਿਖੇ ਡਾ. ਪ੍ਰੀਤੀ ਯਾਦਵ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਜਿਣਸ ਮੰਡੀਆਂ ਵਿੱਚ ਸੁਕਾ ਕੇ ਹੀ ਨਮੀ ਦੇ ਤੈਅ ਮਾਪਦੰਡਾਂ ਮੁਤਾਬਕ ਹੀ ਲੈਕੇ ਆਉਣ ਤਾਂ ਕਿ ਉਨ੍ਹਾਂ ਨੂੰ ਵਾਪਸ ਨਾ ਜਾਣਾ ਪਵੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਮੁੱਖ ਮੰਤਰੀ ਦੇ ਆਦੇਸ਼ਾਂ ਮੁਤਾਬਕ ਕਿਸਾਨਾਂ ਦੀ ਸਹੂਲਤ ਲਈ ਮੋਨੀਟਰਿੰਗ ਤੇ ਕਲਸਟਰ ਅਫ਼ਸਰ ਵੀ ਤਾਇਨਾਤ ਕੀਤੇ ਹਨ। ਉਨ੍ਹਾਂ ਨੇ ਕਿਸਾਨਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਫ਼ਸਲ ਕੱਟਣ ਉਪਰੰਤ ਪਰਾਲ ਤੇ ਹੋਰ ਰਹਿੰਦ ਖੂੰਹਦ ਨੂੰ ਅੱਗ ਨਾ ਲਾਉਣ ਤਾਂ ਕਿ ਅਸੀਂ ਆਪਣਾ ਵਾਤਾਵਰਣ ਸ਼ੁੱਧ ਰੱਖ ਸਕੀਏ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਦੀਆਂ ਮੰਡੀਆਂ 'ਚ ਮੰਡੀਆਂ 'ਚ ਸਫ਼ਾਈ, ਪੀਣ ਵਾਲੇ ਪਾਣੀ ਦੇ ਪ੍ਰਬੰਧ, ਬਾਥਰੂਮਾਂ ਦੀ ਸਫ਼ਾਈ, ਲਾਈਟਾਂ, ਪੱਖੇ, ਤਰਪਾਲਾਂ ਤੇ ਹੋਰ ਲੋੜੀਂਦੇ ਪ੍ਰਬੰਧ ਮੁਕੰਮਲ ਕੀਤੇ ਜਾ ਰਹੇ ਹਨ ਤਾਂ ਕਿ ਆਪਣੀ ਜਿਣਸ ਵੇਚਣ ਲਈ ਮੰਡੀਆਂ ਵਿਖੇ ਲੈਕੇ ਆਉਣ ਵਾਲੇ ਕਿਸਾਨਾਂ ਨੂੰ ਕੋਈ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਮੰਡੀਆਂ ਵਿੱਚ ਕੰਮ ਕਰਦੀ ਲੇਬਰ ਨੂੰ ਵੀ ਕੋਈ ਦਿੱਕਤ ਨਾ ਆਵੇ।

ਡਾ. ਪ੍ਰੀਤੀ ਯਾਦਵ ਨੇ ਕੁਦਰਤ ਦੀ ਮਿਹਰਬਾਨੀ ਸਦਕਾ ਜ਼ਿਲ੍ਹੇ ਵਿੱਚ ਝੋਨੇ ਦੀ ਫ਼ਸਲ ਬੰਪਰ ਹੋਵੇਗੀ ਅਤੇ ਪੂਰੇ ਸੀਜ਼ਨ ਦੌਰਾਨ 14.04 ਲੱਖ ਮੀਟ੍ਰਿਕ ਟਨ ਝੋਨੇ ਦੀ ਆਮਦ ਹੋਣ ਦੀ ਸੰਭਾਵਨਾ ਹੈ, ਜਿਸ ਲਈ ਬਾਰਦਾਨਾ, ਟ੍ਰਾਂਸਪੋਰਟ, ਭੰਡਾਰਨ ਸਮੇਤ ਲੋੜੀਂਦੇ ਪ੍ਰਬੰਧ ਵੀ ਮੁਕੰਮਲ ਕੀਤੇ ਗਏ ਹਨ।

ਇਸ ਮੌਕੇ ਜ਼ਿਲ੍ਹਾ ਮੰਡੀ ਅਫ਼ਸਰ ਮਨਦੀਪ ਸਿੰਘ, ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਡਾ. ਰਵਿੰਦਰ ਕੌਰ, ਉਪ ਜ਼ਿਲ੍ਹਾ ਮੰਡੀ ਅਫ਼ਸਰ-ਕਮ-ਸਕੱਤਰ ਮਾਰਕੀਟ ਕਮੇਟੀ ਪ੍ਰਭਲੀਨ ਸਿੰਘ ਚੀਮਾ, ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਸਤਵਿੰਦਰ ਸਿੰਘ ਸੈਣੀ, ਦਰਸ਼ਨਾ ਸਿੰਘ ਜਾਹਲਾਂ, ਪ੍ਰਗਟ ਸਿੰਘ ਜਾਹਲਾਂ, ਨਰੇਸ਼ ਮਿੱਤਲ, ਖਰਦਮਨ ਰਾਏ, ਤੀਰਥ ਬਾਂਸਲ, ਰਤਨ ਗੋਇਲ ਸੁਰੇਸ਼ ਡਕਾਲਾ ਵੀ ਮੌਜੂਦ ਸਨ।

# ਵਿਸ਼ਵ ਸੈਰ ਸਪਾਟਾ ਦਿਵਸ ਮੌਕੇ ਵਿਦਿਆਰਥੀਆਂ ਨੇ ਕੀਤੀ ਵਿਰਾਸਤੀ ਥਾਵਾਂ ਦੀ ਸੈਰ




**ਪਟਿਆਲਾ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਵਿਸ਼ਵ ਸੈਰ ਸਪਾਟਾ ਦਿਵਸ ਮੌਕੇ ਇੱਥੇ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਵਿਰਾਸਤੀ ਸ਼ਹਿਰ ਪਟਿਆਲਾ ਦੀਆਂ ਵਿਰਾਸਤੀ ਥਾਵਾਂ ਦੀ ਵਿਰਾਸਤੀ ਸੈਰ ਕੀਤੀ । ਇਸ ਬਾਰੇ ਜਾਣਕਾਰੀ ਦਿੰਦਿਆਂ ਏ.ਡੀ.ਸੀ. (ਜ) ਈਸ਼ਾ ਸਿੰਗਲ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਡਾ: ਪ੍ਰੀਤੀ ਯਾਦਵ ਦੀ ਅਗਵਾਈ ਹੇਠ ਸੈਰ ਸਪਾਟਾ ਵਿਭਾਗ, ਜ਼ਿਲ੍ਹਾ ਪ੍ਰਸ਼ਾਸ਼ਨ ਤੇ ਖੇਡ ਵਿਭਾਗ ਵੱਲੋਂ ਇਥੇ ਕਰਵਾਈ ਗਈ ਇਸ ਵਿਰਾਸਤੀ ਸੈਰ ਵਿੱਚ 100 ਤੋਂ ਵੱਧ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ । ਇਹ ਵਿਰਾਸਤੀ ਸੈਰ ਸਵੇਰੇ 7 ਵਜੇ ਸ਼ਾਹੀ ਸਮਾਧਾਂ ਤੋਂ ਸ਼ੁਰੂ ਹੋ ਕੇ ਕਿਲਾ ਮੁਬਾਰਕ ਪਟਿਆਲਾ ਵਿਖੇ ਸਮਾਪਤ ਹੋਈ।

ਇਸ ਵਿਰਾਸਤੀ ਸੈਰ ਦੌਰਾਨ ਜ਼ਿਲ੍ਹਾ ਯਾਤਰਾ ਅਫਸਰ ਹਰਦੀਪ ਸਿੰਘ ਅਤੇ ਸੈਰ ਸਪਾਟਾ ਗਾਈਡ ਮਿਸ ਮਹਿਮਾ ਢਿਲੋਂ ਨੇ ਵਿਦਿਆਰਥੀਆਂ ਨੂੰ ਪਟਿਆਲਾ ਦੀ ਬਣਤਰ ਅਤੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਮਹਿਮਾ ਢਿਲੋਂ ਨੇ ਵਿਦਿਆਰਥੀਆਂ ਨੂੰ ਪਟਿਆਲਾ ਦੀ ਵਿਰਾਸਤੀ ਗਲੀ ,ਹਵੇਲੀਵਾਲਾ ਮੁਹੱਲਾ , ਛੱਤਾ ਨਾਨੂਮੱਲ , ਸੱਪਾਂ ਵਾਲੀ ਗਲੀ ਅਤੇ ਦਰਸ਼ਨੀ ਡਿਉੜੀ ਬਾਰੇ ਵੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ । ਉਹਨਾਂ ਨੇ ਵਿਦਿਆਰਥੀਆਂ ਨੂੰ ਪੰਜਾਬ ਦੇ ਵਿਰਸੇ ਅਤੇ ਇਤਿਹਾਸਕ ਸਥਾਨਾਂ ਬਾਰੇ ਜਾਗਰੂਕ ਵੀ ਕੀਤਾ ।

ਇਸ ਵਿਰਾਸਤੀ ਸੈਰ ਦੌਰਾਨ ਵਿਭਾਗ ਵੱਲੋਂ ਪਟਿਆਲਾ ਜ਼ਿਲ੍ਹੇ ਦੇ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਦੇ ਕਵਿਤਾ ਗਾਇਨ, ਪੇਟਿੰਗ, ਪੋਸਟਰ ਮੇਕਿੰਗ ਅਤੇ ਲੇਖ ਲਿਖਣ ਦੇ ਮੁਕਾਬਲੇ ਵੀ ਕਰਵਾਏ ਗਏ । ਵੱਖ ਵੱਖ ਥਾਂਵਾਂ ਤੇ ਨਗਰ ਨਿਗਮ ਵਿਭਾਗ ਵੱਲੋਂ ਸਾਫ ਸਫਾਈ ਲਈ ਪੂਰਾ ਯੋਗਦਾਨ ਦਿੱਤਾ ਗਿਆ । ਇਸ ਮੌਕੇ ਜਿਮਨਾਸਟਿਕ ਕੋਚ ਬਲਜੀਤ ਸਿੰਘ, ਇੰਚਾਰਜ ਕਿਲ੍ਹਾ ਮੁਬਾਰਕ ਜਸਵਿੰਦਰ ਸਿੰਘ, ਇੰਚਾਰਜ ਮਿਊਜ਼ੀਅਮ ਤਰਸੇਮ ਲਾਲ , ਸੈਨਿਟਰੀ ਇੰਸਪੈਕਟਰ ਕੁਲਦੀਪ ਰੱਤਾ ਤੋਂ ਇਲਾਵਾ ਉਹਨਾਂ ਦੇ ਸਾਥੀ ਵੀ ਸ਼ਾਮਲ ਸਨ।

# ਵਿਸ਼ਵ ਸੈਰ ਸਪਾਟਾ ਦਿਵਸ ਮੌਕੇ ਭਾਸ਼ਾ ਵਿਭਾਗ ਨੇ ਸੱਭਿਆਚਾਰਕ ਸਮਾਗਮ ਕਰਵਾਇਆ

**ਪਟਿਆਲਾ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਉਚੇਰੀ ਸਿੱਖਿਆ ਅਤੇ ਭਾਸ਼ਾ ਮੰਤਰੀ ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਹੇਠ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਦੀ ਅਗਵਾਈ ਅਧੀਨ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਪਟਿਆਲਾ ਵੱਲੋਂ ਵਿਸ਼ਵ ਸੈਰ ਸਪਾਟਾ ਦਿਵਸ ਉੱਤੇ ਇੱਕ ਸੱਭਿਆਚਾਰਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਦਫ਼ਤਰ ਵਿਖੇ ਚਲਦੀਆਂ ਪੰਜਾਬੀ ਟਾਈਪ ਤੇ ਸਟੈਨੋ ਜਮਾਤਾਂ ਦੇ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ।

ਸਮਾਗਮ ਵਿੱਚ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਮਨਜਿੰਦਰ ਸਿੰਘ ਵੱਲੋਂ 'ਵਿਸ਼ਵ ਸੈਰ ਸਪਾਟਾ ਦਿਵਸ' ਦੇ ਇਤਿਹਾਸ ਅਤੇ ਮੌਜੂਦਾ ਸਮੇਂ ਇਸ ਨੂੰ ਮਨਾਏ ਜਾਣ ਦੀ ਸਾਰਥਕਤਾ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਸਮਾਗਮ ਵਿੱਚ ਸਟੈਨੋ ਜਮਾਤਾਂ ਦੀਆਂ ਵਿਦਿਆਰਥਣਾਂ ਪ੍ਰਭਜੋਤ ਕੌਰ, ਰਮਨਦੀਪ ਕੌਰ, ਜਸਪ੍ਰੀਤ ਕੌਰ, ਹਰਜੀਤ ਕੌਰ, ਕੋਮਲ ਸ਼ਰਮਾ, ਰੁਪਿੰਦਰ ਕੌਰ ਅਤੇ ਰਾਜਦੀਪ ਕੌਰ ਵੱਲੋਂ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਇਸ ਉਪਰੰਤ ਮਨਪ੍ਰੀਤ ਕੌਰ, ਹਰਪ੍ਰੀਤ ਕੌਰ ਅਤੇ ਮਨਪ੍ਰੀਤ ਵੱਲੋਂ ਪੰਜਾਬੀ ਗੀਤਾਂ ਉੱਤੇ ਕੋਰੀਓਗ੍ਰਾਫੀਆਂ ਦੀ ਪੇਸ਼ਕਾਰੀ ਕੀਤੀ ਗਈ। ਸਮਾਗਮ ਦੇ ਅੰਤ ਵਿੱਚ ਵਿਦਿਆਰਥਣਾਂ ਵੱਲੋਂ ਲੋਕ ਨਾਚ ਗਿੱਧੇ ਦੀ ਪੇਸ਼ਕਾਰੀ ਰਾਹੀਂ ਹਾਜ਼ਰ ਸਰੋਤਿਆਂ ਨੂੰ ਝੂੰਮਣ ਲਾ ਦਿੱਤਾ। ਸਮਾਗਮ ਦੇ ਅੰਤ ਵਿੱਚ ਨਵਨੀਤ ਕੌਰ, ਸੀਨੀਅਰ ਸਹਾਇਕ ਵੱਲੋਂ ਵਿਦਿਆਰਥੀਆਂ ਅਤੇ ਸਮਾਗਮ ਵਿੱਚ ਪਹੁੰਚੇ ਮਹਿਮਾਨਾਂ ਦਾ ਧੰਨਵਾਦ ਕੀਤਾ। ਸਮਾਗਮ ਵਿੱਚ ਮੰਚ ਸੰਚਾਲਨ ਦੀ ਭੂਮਿਕਾ ਅਧਿਐਨ ਤੇ ਅਧਿਆਪਨ ਕਲਾਸ ਦੀ ਵਿਦਿਆਰਥਣ ਮਨਪ੍ਰੀਤ ਕੌਰ ਦੁਆਰਾ ਬਾਖੂਬੀ ਨਿਭਾਈ ਗਈ। ਇਸ ਮੌਕੇ ਤੇ ਹਰਦੀਪ ਕੌਰ ਤੋਂ ਇਲਾਵਾ ਸਟੈਨੋ ਕਲਾਸਾਂ ਦੇ ਵਿਦਿਆਰਥੀ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਹਰੀ ਸਿੰਘ ਨਲਵਾ ਚੌਂਕ ਪਟਿਆਲਵੀਆਂ ਨੂੰ ਕੀਤਾ ਸਮਰਪਿਤ

### ➢ਸਰਦਾਰ ਹਰੀ ਸਿੰਘ ਨਲਵਾ ਚੌਂਕ ਟ੍ਰੈਫਿਕ ਨਿਯਮਤ ਕਰੇਗਾ ਤੇ ਸ਼ਹਿਰ ਦੀ ਖੂਬਸੂਰਤੀ ਵੀ ਵਧਾਏਗਾ: ਅਜੀਤਪਾਲ ਸਿੰਘ ਕੋਹਲੀ ➢ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਨੇ ਵਿਧਾਇਕ ਕੋਹਲੀ ਦਾ ਕੀਤਾ ਵਿਸ਼ੇਸ਼ ਸਨਮਾਨ

**ਪਟਿਆਲਾ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਇੱਥੇ ਪੀਲੀ ਸੜਕ, ਰਾਘੋਮਾਜਰਾ ਪੁਲੀ ਵਿਖੇ ਮਹਾਨ ਸਿੱਖ ਜਰਨੈਲ ਸਰਦਾਰ ਹਰੀ ਸਿੰਘ ਨਲਵਾ ਦਾ ਬੁੱਤ ਲਗਾ ਕੇ 25 ਲੱਖ ਰੁਪਏ ਦੀ ਲਾਗਤ ਨਾਲ ਨਵੇਂ ਬਣਾਏ ਗਏ ਚੌਂਕ ਦਾ ਮਰਿਆਦਾ ਅਨੁਸਾਰ ਅਰਦਾਸ ਕਰਨ ਉਪਰੰਤ ਉਦਘਾਟਨ ਕਰਕੇ ਪਟਿਆਲਵੀਆਂ ਨੂੰ ਸਮਰਪਿਤ ਕੀਤਾ।




ਬੁੱਢਾ ਦਲ ਪੰਜਵਾਂ ਤਖ਼ਤ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਛਿਆਨਵੇ ਕਰੋੜੀ ਅਤੇ ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਪੀਲੀ ਸੜਕ, ਰਾਘੋਮਾਜਰਾ ਨੇੜੇ ਸਰਦਾਰ ਹਰੀ ਸਿੰਘ ਨਲਵਾ ਚੌਂਕ ਦਾ ਪਟਿਆਲਵੀਆਂ ਨੂੰ ਸਮਰਪਿਤ ਕਰਦੇ ਹੋਏ। ਉਨ੍ਹਾਂ ਨਾਲ ਕਮਿਸ਼ਨਰ ਨਗਰ ਨਿਗਮ ਡਾ ਰਜਤ ਉਬਰਾਏ ਤੇ ਬਾਬਾ ਮਨਮੋਹਣ ਸਿੰਘ ਬਾਰਨ ਵਾਲੇ ਵੀ ਨਜ਼ਰ ਆ ਰਹੇ ਹਨ।

ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਬੁੱਢਾ ਦਲ ਪੰਜਵਾਂ ਤਖ਼ਤ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਛਿਆਨਵੇ ਕਰੋੜੀ ਨੇ ਇਸ ਚੌਂਕ ਦੇ ਉਦਘਾਟਨ ਲਈ ਪਟਿਆਲਾ ਵਾਸੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਰਦਾਰ ਹਰੀ ਸਿੰਘ ਨਲਵਾ ਸਿੱਖ ਰਾਜ ਦੇ ਬਹੁਤ ਮਜ਼ਬੂਤ ਥੰਭ ਸਨ ਅਤੇ ਸ਼੍ਰੀ ਅਕਾਲ ਤਖ਼ਤ ਸਾਹਿਬ ਤੇ ਬੁੱਢਾ ਦਲ ਦੇ ਛੇਵੇਂ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਦੇ ਸਮਕਾਲੀ ਸਨ। ਉਨ੍ਹਾਂ ਕਿਹਾ ਕਿ ਸਰਦਾਰ ਨਲਵਾ ਉਹ ਜਰਨੈਲ ਸਨ, ਜਿਨ੍ਹਾਂ ਨੇ ਕਾਬਲ ਤੇ ਪਿਸ਼ਾਵਰ ਦੇ ਉਸ ਦੇਸ਼ ਨੂੰ ਜਿੱਤਿਆ ਜਿਸ ਨੂੰ ਅੱਜ ਤੱਕ ਕੋਈ ਨਹੀਂ ਜਿੱਤ ਸਕਿਆ ਸੀ, ਇਸ ਲਈ ਮਹਾਨ ਜਰਨੈਲ ਦਾ ਬੁੱਤ ਪਟਿਆਲਾ ਵਿਖੇ ਲਗਾਉਣਾ ਬਹੁਤ ਇਤਿਹਾਸਕ ਹੈ।ਜਥੇਦਾਰ ਬਾਬਾ ਬਲਬੀਰ ਸਿੰਘ ਅਤੇ ਬਾਬਾ ਮਨਮੋਹਣ ਸਿੰਘ ਬਾਰਨ ਵਾਲਿਆਂ ਨੇ ਇਸ ਮੌਕੇ ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਨੂੰ ਸਨਮਾਨਤ ਵੀ ਕੀਤਾ।

ਸਮਾਰੋਹ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਸਰਦਾਰ ਹਰੀ ਸਿੰਘ ਨਵਲਾ ਨੇ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਹੇਠਲੇ ਸਿੱਖ ਰਾਜ ਨੂੰ ਅਫ਼ਗਾਨਿਸਤਾਨ, ਮੁਲਤਾਨ, ਜਮਰੌਦ ਤੱਕ ਪਹੁੰਚਾਉਣ ਵਿੱਚ ਅਹਿਮ ਯੋਗਦਾਨ ਪਾਇਆ ਅਤੇ ਅਹਿਮ ਜੰਗਾਂ ਲੜੀਆਂ ਅਤੇ ਜਿੱਤ ਪ੍ਰਾਪਤ ਕਰਕੇ ਸਿੱਖ ਕੌਮ ਦੇ ਝੰਡੇ ਗੱਡੇ ਸਨ। ਵਿਧਾਇਕ ਕੋਹਲੀ ਨੇ ਕਿਹਾ ਕਿ ਉਨ੍ਹਾਂ ਦੀ ਇਹ ਖੁਸ਼ਕਿਸਮਤੀ ਹੈ ਕਿ ਮਹਾਨ ਸਿੱਖ ਜਰਨੈਲ ਸਰਦਾਰ ਹਰੀ ਸਿੰਘ ਨਲਵਾ ਦੇ ਨਾਮ 'ਤੇ ਇਹ ਚੌਂਕ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ ਬਣਾ ਕੇ ਅੱਜ ਪਟਿਆਲਵੀਆਂ ਅਤੇ ਪੂਰੀ ਮਨੁੱਖਤਾ ਨੂੰ ਸਮਰਪਿਤ ਕੀਤਾ ਗਿਆ ਹੈ।

ਉਨ੍ਹਾ ਕਿਹਾ ਕਿ ਸਰਦਾਰ ਹਰੀ ਸਿੰਘ ਨਲਵਾ ਦਾ ਇਹ ਬੁੱਤ ਸਾਡੀ ਆਉਣ ਵਾਲੀ ਪੀੜ੍ਹੀ ਲਈ ਰਾਹ ਦਸੇਰਾ ਸਾਬਤ ਹੋਵੇਗਾ ਅਤੇ ਉਨ੍ਹਾਂ ਨੂੰ ਆਪਣੇ ਮਹਾਨ ਸਿੱਖ ਇਤਿਹਾਸ ਅਤੇ ਵਿਰਸੇ ਤੋਂ ਜਾਣੂ ਕਰਵਾਏਗਾ, ਕਿਉਂਕਿ ਸਰਦਾਰ ਹਰੀ ਸਿੰਘ ਨਲਵਾ ਦਾ ਨਾਮ ਵਿਸ਼ਵ ਦੇ ਪਹਿਲੇ ਦੱਸ ਚੋਟੀ ਦੇ ਜਰਨੈਲਾਂ ਵਿੱਚੋਂ ਪਹਿਲੇ ਸਥਾਨ ਉੱਤੇ ਸ਼ੁਮਾਰ ਹੈ।ਉਨ੍ਹਾਂ ਕਿਹਾ ਕਿ ਅਫ਼ਗਾਨ ਦੀ ਧਰਤੀ ਉੱਤੇ ਇਸ ਜਰਨੈਲ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ।

ਵਿਧਾਇਕ ਕੋਹਲੀ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਭੇਜੇ ਫੰਡਾਂ 25 ਲੱਖ ਰੁਪਏ ਦੀ ਲਾਗਤ ਨਾਲ ਇਹ ਚੌਂਕ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਚੌਂਕ ਵੀ ਫੁਹਾਰਾ ਚੌਂਕ ਦੀ ਤਰ੍ਹਾਂ ਹੀ ਪਟਿਆਲਾ ਦੀ ਵਿਲੱਖਣ ਪਛਾਣ ਬਣਕੇ ਉਭਰੇਗਾ। ਉਨ੍ਹਾਂ ਹੋਰ ਕਿਹਾ ਕਿ ਇਹ ਚੌਂਕ ਜਿੱਥੇ ਸ਼ਹਿਰ ਦੀ ਖੂਬਸੂਰਤੀ ਨੂੰ ਚਾਰ ਚੰਨ ਲਾਵੇਗਾ, ਉਥੇ ਹੀ ਆਵਾਜਾਈ ਨੂੰ ਵੀ ਨਿਯਮਤ ਕਰਕੇ ਹਾਦਸਾ ਰਹਿਤ ਕਰਨ ਵਿੱਚ ਮਦਦ ਕਰੇਗਾ। ਉਨ੍ਹਾਂ ਕਿਹਾ ਕਿ ਪਟਿਆਲਾ ਹਿੰਦੂ ਸਿੱਖ ਏਕਤਾ ਦਾ ਪ੍ਰਤੀਕ ਬਣਿਆ ਹੋਇਆ ਹੈ ਅਤੇ ਇੱਥੇ ਦੇ ਚੌਂਕਾਂ ਨੂੰ ਇਤਿਹਾਸਕ ਅਤੇ ਵਿਰਾਸਤੀ ਰੂਪ ਵਿੱਚ ਵਿਕਸਤ ਕੀਤਾ ਜਾ ਰਿਹਾ ਹੈ।

ਇਸ ਮੌਕੇ ਮਦਨ ਅਰੋੜਾ, ਅਮਰਜੀਤ ਸਿੰਘ, ਰਵੇਲ ਸਿੱਧੂ, ਜਗਤਾਰ ਜੱਗੀ, ਮੁਖਤਿਆਰ ਗਿੱਲ, ਅਸ਼ੋਕ ਕੁਮਾਰ, ਕ੍ਰਿਸ਼ਨ ਕੁਮਾਰ, ਮਿੱਡਾ ਜੀ, ਰੂਬੀ ਭਾਟੀਆ, ਵਿਜੇ ਕਨੌਜੀਆ, ਅਮਨ ਬਾਂਸਲ, ਹਰੀਸ਼ ਕਾਂਤ ਵਾਲੀਆਂ ਆਦਿ ਨੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਸ. ਕੋਹਲੀ ਨੇ ਸਰਦਾਰ ਹਰੀ ਸਿੰਘ ਨਲਵਾ ਦਾ ਬੁੱਤ ਲਗਵਾ ਕੇ ਇਤਿਹਾਸਕ ਕੰਮ ਕੀਤਾ ਹੈ।

ਪਟਿਆਲਾ ਦੇ ਇਨ੍ਹਾਂ ਆਗੂਆਂ ਨੇ ਕਿਹਾ ਕਿ ਵਿਧਾਇਕ ਕੋਹਲੀ ਨੇ ਆਪਣੇ ਮੇਅਰ ਦੇ ਕਾਰਜਕਾਲ ਸਮੇਂ ਸ਼ਹਿਰ ਵਿੱਚ ਹਿੰਦੂ ਸਿੱਖ ਏਕਤਾ ਨੂੰ ਮਜ਼ਬੂਤ ਕਰਨ ਲਈ ਕਈ ਕਦਮ ਉਠਾਏ ਸਨ, ਇਸ ਦੌਰਾਨ ਉਨ੍ਹਾਂ ਨੇ ਖੰਡਾ ਚੌਂਕ, ਪਰਸ਼ੂਰਾਮ ਚੌਂਕ, ਅਗਰਸੈਨ ਚੌਂਕ ਬਣਵਾਏ ਤੇ ਲੋਅਰ ਮਾਲ ਸੜਕ ਅਤੇ ਲੀਲਾ ਭਵਨ ਚੌਂਕ ਤੋਂ ਰਾਜਿੰਦਰਾ ਹਸਪਤਾਲ ਰੋਡ ਨੂੰ ਵੀ ਚੌੜਾ ਕਰਵਾਇਆ ਸੀ ਅਤੇ ਹੁਣ ਸਰਦਾਰ ਹਰੀ ਸਿੰਘ ਨਲਵਾ ਦੇ ਨਾਮ 'ਤੇ ਇਹ ਚੌਂਕ ਬਣਵਾਇਆ ਗਿਆ ਹੈ।

ਇਸ ਮੌਕੇ ਗੁਰਦੁਆਰਾ ਮੋਤੀ ਬਾਗ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਫੂਲਾ ਸਿੰਘ, ਨਗਰ ਨਿਗਮ ਦੇ ਕਮਿਸ਼ਨਰ ਡਾ. ਰਜਤ ਉਬਰਾਏ, ਗੁਰਜੀਤ ਸਿੰਘ ਕੋਹਲੀ, ਮਹੰਤ ਸੁੰਦਰ ਸਿੰਘ, ਬਲਦੀਪ ਸਿੰਘ ਦੀਪ, ਗੁਰਜੀਤ ਸਿੰਘ ਸਾਹਨੀ, ਪ੍ਰਭਜੋਤ ਸਿੰਘ ਜੋਤੀ, ਯੰਗ ਖ਼ਾਲਸਾ ਫਾਊਂਡੇਸ਼ਨ ਤੋਂ ਭਵਨਪੁਨੀਤ ਸਿੰਘ, ਤਰਨਜੀਤ ਸਿੰਘ ਕੋਹਲੀ, ਹਰਸ਼ਪਾਲ ਰਾਹੁਲ, ਜਸਬੀਰ ਸਿੰਘ ਮਾਟਾ, ਜਗਤਾਰ ਸਿੰਘ ਤਾਰੀ, ਸਿਮਰਨਪ੍ਰੀਤ ਸਿੰਘ, ਕੰਵਲਜੀਤ ਸਿੰਘ ਗੋਨਾ, ਤਰਲੋਕ ਸਿੰਘ ਤੋਰਾ, ਰਵਿੰਦਰ ਪਾਲ ਸਿੰਘ ਜੋਨੀ ਕੋਹਲੀ, ਜਸਪ੍ਰੀਤ ਸਿੰਘ ਭੋਲਾ ਸੇਠੀ, ਅਜੀਤ ਸਿੰਘ ਬਾਬੂ, ਇਤਵਿੰਦਰ ਸਿੰਘ ਹਨੀ ਲੂਥਰਾ, ਰਣਜੀਤ ਸਿੰਘ ਚੰਢੋਕ, ਰਵਿੰਦਰਪਾਲ ਸਿੰਘ ਬਿੰਟੀ ਸੱਭਰਵਾਲ, ਗੁਰਵਿੰਦਰਪਾਲ ਸਿੰਘ ਰੀਟੂ, ਗੁਰਿੰਦਰ ਸਿੰਘ ਮੰਟੂ, ਰਵਿੰਦਰ ਸਿੰਘ ਬੰਟੂ, ਨਿਗਰਾਨ ਇੰਜੀਨੀਅਰ ਹਰਕਿਰਨ ਸਿੰਘ, ਬਾਬਾ ਦੀਪ ਸਿੰਘ ਸੇਵਾ ਸੁਸਾਇਟੀ ਦੇ ਮੈਂਬਰ ਅਤੇ ਹੋਰ ਵੀ ਮੌਜੂਦ ਸਨ।ਇਸ ਮੌਕੇ ਬਾਬਾ ਦਰਸ਼ਨ ਸਿੰਘ ਤੇ ਦੀਪ ਸਿੰਘ ਦੇ ਰਣਜੀਤ ਅਖਾੜੇ ਦੇ ਜਥੇ ਨੇ ਗਤਕੇ ਦੇ ਜੌਹਰ ਦਿਖਾਏ।

# ਡੀਸੀ ਪਟਿਆਲਾ ਦੇ ਭਰੋਸੇ ਤੋਂ ਬਾਅਦ ਨਾਭਾ ਵਿਖੇ ਧਰਨਾ ਸਮਾਪਤ



**ਪਟਿਆਲਾ, 1 ਅਕਤੂਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਹਫਤੇ ਤੈਅ ਕੀਤੇ ਅਨੁਸਾਰ ਡੈਮੋਕਰੇਟਿਕ ਮਨਰੇਗਾ ਫਰੰਟ ਦੀ ਅੱਜ ਡਿਪਟੀ ਕਮਿਸ਼ਨਰ ਪਟਿਆਲਾ ਨਾਲ ਮੀਟਿੰਗ ਹੋਈ ਜਿਸ ਪਿੱਛੋ ਨਾਭਾ ਬੀਡੀਪੀਓ ਦਫ਼ਤਰ ਵਿਖੇ ਚੱਲ ਰਹੇ ਪੱਕੇ ਧਰਨੇ ਨੂੰ 59 ਵੇ ਦਿਨ ਸਮਾਪਤ ਕੀਤਾ ਗਿਆ।

ਮੀਟਿੰਗ ਵਿੱਚ ਫਰੰਟ ਦੇ ਆਗੂਆਂ ਨੇ ਮਨਰੇਗਾ ਚ ਅਧਿਕਾਰੀਆਂ ਵੱਲੋਂ ਕਾਨੂੰਨ ਦੀ ਉਲੰਘਣਾ ਕਾਰਨ ਹੁੰਦੇ ਸਰਕਾਰ ਅਤੇ ਮਜ਼ਦੂਰਾਂ ਦੇ ਨੁਕਸਾਨ ਦੀ ਗੱਲ ਚੱਕੀ। ਮ੍ਰਿਤਕਾਂ ਦੀਆਂ, ਵਿਦੇਸ਼ ਬੈਠੇ ਵਿਅਕਤੀਆਂ ਦੀਆਂ ਜਾਂ ਹੋਰ ਜਾਅਲੀ ਹਾਜ਼ਰੀਆਂ ਦੇ ਸਬੂਤ ਦੇਣ ਦੇ ਨਾਲ ਨਾਲ ਮਜ਼ਦੂਰਾਂ ਵੱਲੋਂ ਕੀਤੇ ਕੰਮ ਦੀ ਮੰਗ ਨੂੰ ਹਫਤੇ ਦੇ ਅੰਦਰ ਅੰਦਰ ਆਨਲਾਈਨ ਚੜਾਉਣ ਦੀ ਮੰਗ ਰੱਖੀ ਗਈ।

ਵੱਖ ਵੱਖ ਪੜਤਾਲਾਂ ਵਿੱਚ ਲੋਕਪਾਲ ਜਾਂ ਉੱਪਰਲੇ ਅਧਿਕਾਰੀਆਂ ਵੱਲੋਂ ਦੋਸ਼ੀ ਠਹਿਰਾਏ ਮੁਲਾਜ਼ਮਾਂ ਤੋਂ ਕੋਈ ਰਿਕਵਰੀ ਨਾ ਕਰਾਉਣ ਅਤੇ ਮਜ਼ਦੂਰਾਂ ਦੀਆ ਸ਼ਿਕਾਇਤਾਂ ਨੂੰ ਕਾਨੂੰਨ ਮੁਤਾਬਿਕ ਨਾ ਨਿਬੇੜਨ ਕਰਕੇ ਏਡੀਸੀ ਪਟਿਆਲਾ ਅਤੇ ਬੀਡੀਪੀਓ ਨਾਭਾ ਖਿਲਾਫ ਐਕਟ ਮੁਤਾਬਕ ਕਾਰਵਾਈ ਦੀ ਮੰਗ ਉਠਾਈ ਗਈ।

ਇਸ ਮੌਕੇ ਪੰਚਾਇਤੀ ਚੋਣਾਂ ਨੂੰ ਧਿਆਨ ਚ ਰੱਖਦੇ ਹੋਏ ਡੀਸੀ ਪ੍ਰੀਤੀ ਯਾਦਵ ਨੇ ਏਡੀਸੀ ਪਟਿਆਲਾ ਅਨੁਪ੍ਰੀਤ ਜੌਹਲ ਨੂੰ ਸਾਰੀਆਂ ਅਰਜ਼ੀਆਂ ਦਾ ਨਬੇੜਾ 5 ਨਵੰਬਰ ਤੱਕ ਕਰਨ ਲਈ ਪਾਬੰਦ ਕਰਦੇ ਹੋਏ ਜਥੇਬੰਦੀ ਨੂੰ ਭਰੋਸਾ ਦਿੱਤਾ ਕਿ ਇੱਕ ਇੱਕ ਅਰਜ਼ੀ ਦਾ ਨਿਬੇੜਾ ਕਾਨੂੰਨ ਮੁਤਾਬਕ ਹੋਵੇਗਾ ਤੇ ਕਸੂਰਵਾਰ ਉੱਪਰ ਕਾਰਵਾਈ ਜ਼ਰੂਰ ਹੋਵੇਗੀ।

ਇਸ ਭਰੋਸੇ ਤੋਂ ਬਾਅਦ ਡੈਮੋਕਰੇਟਿਕ ਮਨਰੇਗਾ ਫਰੰਟ ਨੇ ਨਾਭਾ ਬੀਡੀਪੀਓ ਦਫ਼ਤਰ ਵਿਖੇ ਚਲਦੇ ਧਰਨੇ ਨੂੰ ਸਮਾਪਤ ਕਰਨ ਦਾ ਐਲਾਨ ਕੀਤਾ। ਫਰੰਟ ਸੂਬਾ ਪ੍ਰਧਾਨ ਰਾਜਕੁਮਾਰ ਸਿੰਘ ਕਨਸੂਹਾ, ਜ਼ਿਲ੍ਹਾ ਪ੍ਰਧਾਨ ਕੁਲਵਿੰਦਰ ਕੌਰ ਰਾਮਗੜ੍ਹ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਸਮੂਹ ਨਰੇਗਾ ਸਟਾਫ ਦੀ ਬਦਲੀ ਤਾਂ ਪਹਿਲਾਂ ਹੀ ਕਰ ਦਿੱਤੀ ਸੀ ਜਿਸ ਕਾਰਨ ਸਾਨੂੰ ਉਮੀਦ ਹੈ ਕਿ ਹੁਣ ਰਿਕਾਰਡ ਨਾਲ ਛੇੜਛਾੜ ਕੀਤੇ ਬਿਨਾਂ ਸਹੀ ਪੜਤਾਲ ਵੀ ਹੋਵੇਗੀ। ਇਸ ਮੌਕੇ ਜ਼ਿਲ੍ਹਾ ਸਕੱਤਰ ਰਮਨਜੋਤ ਕੌਰ ਬਾਬਰਪੁਰ, ਲਖਵੀਰ ਸਿੰਘ ਲਾਡੀ, ਕੁਲਵੰਤ ਕੌਰ ਥੂਹੀ, ਸੁਖਵਿੰਦਰ ਕੌਰ ਨੌਹਰਾ, ਕੇਵਲ ਸਿੰਘ ਕੋਟ ਅਤੇ ਆਈ ਡੀ ਪੀ ਦੇ ਸੂਬਾ ਆਗੂ ਗੁਰਮੀਤ ਸਿੰਘ ਥੂਹੀ ਮੌਜੂਦ ਸਨ।

# ਟਰੈਫਿਕ ਨਿਯਮਾਂ ਦੀ ਪਾਲਣਾ ਹਰ ਹਾਲ ਯਕੀਨੀ ਬਣਾਈ ਜਾਵੇ: ਐੱਸ.ਪੀ. ਰਾਕੇਸ਼ ਯਾਦਵ

**ਫਤਹਿਗੜ੍ਹ ਸਾਹਿਬ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੜਕ ਹਾਦਸੇ ਵਾਪਰਨ ਦਾ ਵੱਡਾ ਕਾਰਨ ਟਰੈਫਿਕ ਨਿਯਮਾਂ ਦੀ ਪਾਲਣਾ ਨਾ ਕਰਨਾ ਹੈ, ਜਿਸਦੇ ਕਾਰਣ ਲੋਕਾਂ ਦੀ ਜਾਨਮਾਲ ਦਾ ਨੁਕਸਾਨ ਹੁੰਦਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਐੱਸ.ਪੀ. ਰਾਕੇਸ਼ ਯਾਦਵ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਟਰੈਫਿਕ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ।

ਉਹਨਾਂ ਕਿਹਾ ਕਿ ਟਰੈਫਿਕ ਨਿਯਮਾਂ ਦੀ ਉਲੰਘਣਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਐੱਸ.ਪੀ. ਸ਼੍ਰੀ ਯਾਦਵ ਨੇ ਦੱਸਿਆ ਕਿ ਜ਼ਿਲ੍ਹਾ ਪੁਲੀਸ ਵੱਲੋਂ ਟਰੈਫਿਕ ਨਿਯਮਾਂ ਬਾਰੇ, ਲੇਨ ਡਰਾਆਈਵਿੰਗ ਬਾਰੇ, ਵਾਹਨਾਂ ਦੇ ਕਾਗਜ਼ਾਤ ਪੂਰੇ ਰੱਖਣ ਬਾਰੇ, ਪ੍ਰੈਸ਼ਰ ਹਾਰਨ ਦੀ ਵਰਤੋਂ ਨਾ ਕਰਨ ਬਾਰੇ ਵਾਤਾਵਰਣ ਦੀ ਸੁਰੱਖਿਅਤ ਬਾਰੇ ਅਤੇ ਨਸ਼ਿਆ ਦੇ ਮਾੜੇ ਪ੍ਰਭਾਵ ਬਾਰੇ ਵਿਸਤਾਰਪੂਰਵਕ ਜਾਗਰੂਕ ਕੀਤਾ ਜਾ ਰਿਹਾ ਹੈ।

ਉਨ੍ਹਾਂ ਦੋ ਪਹੀਆ ਵਾਹਨ ਦੀ ਵਰਤੋਂ ਬਾਰੇ ਹੈਲਮਟ ਪਾਉਣ ਬਾਰੇ, ਵਾਹਨਾਂ ਨੂੰ ਸੜਕ 'ਤੇ ਖੜ੍ਹਾ ਕਰਨ ਦੀ ਬਜਾਏ ਸਹੀ ਪਾਰਕਿੰਗ ਕਰਨ ਬਾਰ, ਮੁੜਨ ਵੇਲੇ ਇੰਡੀਕੇਟਰ ਦੀ ਵਰਤੋਂ ਬਾਰੇ, ਲਾਲ ਬੱਤੀ ਦੀ ਉਲੰਘਣਾ ਨਾ ਕਰਨ ਬਾਰੇ, ਕਿਸੇ ਵੀ ਤਰ੍ਹਾਂ ਦਾ ਨਸ਼ਾ ਕਰ ਕੇ ਕੋਈ ਵੀ ਵਾਹਨ ਨਾ ਚਲਾਉਣ ਬਾਰੇ ਅਪੀਲ ਕੀਤੀ।

ਉਨ੍ਹਾਂ ਕਿਹਾ ਕਿ ਸਾਰੇ ਲੋਕ ਟਰੈਫਿਕ ਨਿਯਮਾਂ ਦੀ ਇਨ ਬਿਨ ਪਾਲਣਾ ਕਰਨ ਤਾਂ ਜੋ ਸੜਕੀ ਹਾਦਸਿਆਂ ਨੂੰ ਘਟਾਇਆ ਜਾ ਸਕੇ। ਇਸ ਮੌਕੇ ਉਹਨਾਂ ਨੇ ਪੁਲਿਸ ਤੋਂ ਮਦਦ ਲੈਣ ਅਤੇ ਕਰਨ ਲਈ ਹੈਲਪਲਾਈਨ ਨੰਬਰ 112 'ਤੇ ਕਾਲ ਕਰਨ ਬਾਰੇ ਵੀ ਜਾਣਕਾਰੀ ਦਿੱਤੀ।

# ਖੇਡਾਂ ਵਤਨ ਪੰਜਾਬ ਦੀਆਂ ਦੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ 'ਚ ਖਿਡਾਰੀਆਂ ਨੇ ਦਿਖਾਏ ਜੌਹਰ

**ਪਟਿਆਲਾ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਖੇਡ ਅਫ਼ਸਰ ਹਰਪਿੰਦਰ ਸਿੰਘ ਨੇ ਦੱਸਿਆ ਕਿ 23 ਸਤੰਬਰ ਤੋਂ ਸ਼ੁਰੂ ਹੋਏ 'ਖੇਡਾਂ ਵਤਨ ਪੰਜਾਬ ਦੀਆਂ' ਦੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਖਿਡਾਰੀਆਂ ਵੱਲੋਂ ਵੱਡੀ ਗਿਣਤੀ ਵਿੱਚ ਭਾਗ ਲਿਆ ਜਾ ਰਿਹਾ ਹੈ ਤੇ ਆਪਣੀ ਖੇਡ ਪ੍ਰਤਿਭਾ ਦੇ ਜੌਹਰ ਦਿਖਾਏ ਜਾ ਰਹੇ ਹਨ।



ਹਰਪਿੰਦਰ ਸਿੰਘ ਨੇ ਅੱਜ ਹੋਏ ਮੁਕਾਬਲਿਆਂ ਦੇ ਨਤੀਜਿਆਂ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਨੈੱਟਬਾਲ ਅੰਡਰ-14 ਲੜਕੇ ਸੈਂਟ ਥਰੇਸਿਸ ਸਕੂਲ ਸਮਾਣਾ ਨੇ ਸ.ਸ.ਸ.ਸ ਲੌਟ ਦੀ ਟੀਮ ਨੂੰ 7-5 ਦੇ ਫ਼ਰਕ ਨਾਲ, ਸ.ਸ.ਸ.ਸ ਤ੍ਰਿਪੜੀ ਨੇ ਬੁੱਢਾ ਦਲ ਪਬਲਿਕ ਸਕੂਲ ਨੂੰ 7-0 ਨਾਲ ਅਤੇ ਸ.ਸ.ਸ.ਸ ਤ੍ਰਿਪੜੀ ਨੇ ਸੈਂਟ ਥਰੈਸਿਸ ਸਕੂਲ ਨੂੰ 12-07 ਨਾਲ ਹਰਾ ਕਿ ਜਿੱਤ ਹਾਸਲ ਕੀਤੀ। ਇਸੇ ਤਰ੍ਹਾਂ ਅੰਡਰ-17 ਲੜਕੇ ਦੇ ਫਾਈਨਲ ਮੁਕਾਬਲਿਆਂ ਵਿੱਚ ਸ.ਹ.ਸ ਥੂਹੀ ਨਾਭਾ ਨੂੰ 7-1 ਨਾਲ ਹਰਾ ਕਿ ਜੇਤੂ ਰਹੀ। 21-30 ਮੈਨ ਦੇ ਮੁਕਾਬਲਿਆਂ ਵਿੱਚ ਵਾਰਡ ਨੰਬਰ 10 ਪਟਿਆਲਾ ਨੇ ਫਿਜ਼ੀਕਲ ਕਾਲਜ ਪਟਿਆਲਾ ਦੀ ਟੀਮ ਨੂੰ 30-28 ਦੇ ਫ਼ਰਕ ਨਾਲ ਹਰਾ ਕਿ ਜਿੱਤ ਹਾਸਲ ਕੀਤੀ ।

ਤੈਰਾਕੀ ਦੇ ਮੁਕਾਬਲਿਆਂ ਵਿੱਚ ਅੰਡਰ-14 ਲੜਕੇ ਈਵੈਂਟ 100 ਮੀਟਰ ਬੈਕ ਸਟਰੋਕ ਦੇ ਇਵੈਂਟ ਵਿੱਚ ਅਦਵਿਕ ਭਨੋਟ ਨੇ ਪਹਿਲਾ ਅੰਗਤ ਵਾਤਿਸ਼ ਨੇ ਦੂਜਾ ਗੁਰਮਨਵੀਰ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਲੜਕੀਆਂ ਦੇ ਇਸ ਈਵੈਂਟ ਵਿੱਚ ਛਾਇਆ ਸ਼ਰਮਾ ਨੇ ਪਹਿਲਾ, ਰੰਗਤ ਪ੍ਰੀਤ ਕੌਰ ਨੇ ਦੂਜਾ ਅਰਾਧਿਆ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਅੰਡਰ-21 ਉਮਰ ਵਰਗ ਈਵੈਂਟ 50 ਮੀਟਰ ਫ਼ਰੀ ਸਟਾਈਲ ਲੜਕਿਆਂ ਵਿੱਚ ਰਣਵਿਜੈ ਸਿੰਘ ਚਾਹਲ ਨੇ ਪਹਿਲਾ ਧਨਵੀਰ ਸਿੰਘ ਨੇ ਦੂਜਾ ਹੀਮਾਂਗ ਤ੍ਰੀਘਾਟੀਆ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ-14 ਫ਼ਰੀ ਸਟਾਈਲ ਲੜਕੀਆਂ ਵਿੱਚ ਪ੍ਰੇਰਣਾ ਨੇ ਪਹਿਲਾ ਹਰਸਿਮਰਤ ਕੌਰ ਨੇ ਦੂਜਾ ਕੀਰਤਰਾਜ ਕੌਰ ਭੁੱਲਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

# ਨੌਜਵਾਨਾਂ ਲਈ ਅਰਧ ਸੈਨਿਕ ਬਲਾਂ 'ਚ ਭਰਤੀ ਲਈ ਸੀ-ਪਾਈਟ ਨਾਭਾ ਵੱਲੋਂ ਟ੍ਰੇਨਿੰਗ ਸ਼ੁਰੂ

**ਪਟਿਆਲਾ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਰਧ ਸੈਨਿਕ ਬਲਾਂ ਵਿੱਚ ਭਰਤੀ ਹੋਣ ਵਾਲੇ ਨੌਜਵਾਨਾਂ ਲਈ ਰੋਜ਼ਗਾਰ ਉਤਪਤੀ ਅਤੇ ਟ੍ਰੇਨਿੰਗ ਵਿਭਾਗ ਪੰਜਾਬ ਵੱਲੋਂ ਸੀ-ਪਾਈਟ ਕੈਂਪ ਚਲਾਏ ਜਾ ਰਹੇ ਹਨ। ਜਿਨ੍ਹਾਂ ਦਾ ਮੁੱਖ ਉਦੇਸ਼ ਆਰਮੀ ਪੁਲਿਸ ਅਤੇ ਪੈਰਾ-ਮਿਲਟਰੀ ਫੋਰਸ 'ਚ ਭਰਤੀ ਹੋਣ ਵਾਲੇ ਨੌਜਵਾਨਾਂ ਨੂੰ ਲਿਖਤੀ ਅਤੇ ਫਿਜ਼ੀਕਲ ਟ੍ਰੇਨਿੰਗ ਦੇਣਾ ਹੈ। ਹੁਣ ਤੱਕ ਹਜ਼ਾਰਾਂ ਨੌਜਵਾਨਾਂ ਟ੍ਰੇਨਿੰਗ ਲੈ ਕੇ ਵੱਖ—ਵੱਖ ਫੋਰਸਾਂ 'ਚ ਭਰਤੀ ਹੋ ਚੁੱਕੇ ਹਨ।

ਭਾਰਤ ਸਰਕਾਰ ਵੱਲੋਂ ਅਰਧ ਸੈਨਿਕ ਬਲਾਂ ਵਿੱਚ ਕਾਂਸਟੇਬਲ (ਜੀ.ਡੀ.) ਦੀਆਂ 39481 ਪੋਸਟਾਂ ਲਈ ਐਸ.ਐਸ.ਸੀ. (ਜੀ.ਡੀ.) ਰਾਹੀਂ ਉਮੀਦਵਾਰਾਂ ਦੀ ਭਰਤੀ ਕੀਤੀ ਜਾਣੀ ਹੈ। ਪੰਜਾਬ ਭਰ ਚ ਸਥਾਪਤ ਵੱਖ ਵੱਖ ਸੀ-ਪਾਈਟ ਕੈਂਪਾਂ ਵੱਲੋਂ ਇਹ ਟ੍ਰੇਨਿੰਗ ਦਿੱਤੀ ਜਾਵੇਗੀ। ਇਸ ਭਰਤੀ ਵਿੱਚ ਦਸਵੀਂ ਪਾਸ ਉਮੀਦਵਾਰ ਜਿਨ੍ਹਾਂ ਦੀ ਉਮਰ 18 ਤੋਂ 23 ਸਾਲ ਹੋਵੇ ਆਨਲਾਈਨ ਅਪਲਾਈ ਕਰ ਸਕਦੇ ਹਨ।

ਭਰਤੀ ਸਬੰਧੀ ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਬਲਾਕ—ਡੀ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਪਟਿਆਲਾ ਵਿਖੇ ਵਿਜ਼ਟ ਕੀਤਾ ਜਾ ਸਕਦਾ ਹੈ। ਅਰਜ਼ੀਆਂ ਆਨਲਾਈਨ ssc.gov.in ਵੈਬਸਾਈਟ 'ਤੇ ਮਿਤੀ 14.10.2024 ਤੱਕ ਲੜਕੇ ਅਤੇ ਲੜਕੀਆਂ ਅਪਲਾਈ ਕਰ ਸਕਦੀਆਂ ਹਨ। ਪਟਿਆਲਾ ਜ਼ਿਲ੍ਹਾ ਨਾਲ ਸਬੰਧਤ ਨੌਜਵਾਨ ਸੀ-ਪਾਈਟ ਕੈਂਪ ਨਾਭਾ ਤੋਂ ਟ੍ਰੇਨਿੰਗ ਪ੍ਰਾਪਤ ਕਰ ਸਕਦੇ ਹਨ। ਟ੍ਰੇਨਿੰਗ ਸਬੰਧੀ ਵਧੇਰੇ ਜਾਣਕਾਰੀ ਲਈ ਯਾਦਵਿੰਦਰ ਸਿੰਘ 9478205428 ਨਾਲ ਸੰਪਰਕ ਕੀਤਾ ਜਾ ਸਕਦਾ ਹੈ।


# 1 ਅਕਤੂਬਰ ਨੂੰ ਵਿਸ਼ਵ ਪੱਧਰ ਤੇ ਮਨਾਇਆ ਜਾਵੇਗਾ ਵਰਲਡ ਰੈਬੀਜ਼ ਡੇਅ

**ਪਟਿਆਲਾ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਡਾ: ਗੁਰਦਰਸ਼ਨ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 1 ਅਕਤੂਬਰ ਨੂੰ ਵਿਸ਼ਵ ਪੱਧਰ ਤੇ ਵਲਡ ਰੈਬੀਜ਼ ਡੇਅ ਮਨਾਇਆ ਜਾ ਰਿਹਾ ਹੈ।ਉਹਨਾਂ ਦੱਸਿਆ ਕਿ ਰੈਬੀਜ ਮੁੱਖ ਤੌਰ ਤੇ ਪਾਗਲ ਕੁੱਤੇ ਦੇ ਕੱਟਣ ਨਾਲ ਹੁੰਦੀ ਹੈ ਪਰ ਟੁੱਟੀ ਹੋਈ ਚਮੜੀ (ਚਮੜੀ ਵਿੱਚ ਕਿਸੇ ਵੀ ਕਿਸਮ ਦੀ ਦਰਾਰ) ਅਤੇ ਮਿਊਕਸ ਮੈਬਰੇਨ ਤੇ ਸੰਕਰਮਿਤ ਲਾਰ ਪੈ ਜਾਣ ਨਾਲ ਵੀ ਰੈਬੀਜ਼ (ਹਲਕਾ) ਦੀ ਬਿਮਾਰੀ ਹੋ ਸਕਦੀ ਹੈ। ਇੱਕ ਵਾਰ ਪਸ਼ੂਆਂ ਜਾ ਮੁੱਨਖਾ ਵਿੱਚ ਨਿਊਰੋਲੋਜੀਕਲ ਲੱਛਣ ਪੈਦਾ ਹੋ ਜਾਣ ਤਾ ਇਹ ਬਿਮਾਰੀ ਮਾਰੂ ਹੀ ਸਾਬਤ ਹੁੰਦੀ ਹੈ।

ਡਾ: ਗੁਰਦਰਸ਼ਨ ਸਿੰਘ ਨੇ ਦੱਸਿਆ ਕਿ ਜੇਕਰ ਕੁੱਤਿਆ ਦੇ ਵੈਕਸੀਨੇਸ਼ਨ ਕੀਤੀ ਜਾਵੇ, ਤਾਂ ਇਹ ਬਿਮਾਰੀ ਰੋਕਥਾਮ ਦੇ ਯੋਗ ਹੈ। ਇਸ ਲੜੀ ਵਿੱਚ ਪਸ਼ੂ ਪਾਲਣ ਵਿਭਾਗ ਵੱਲੋ ਵਲਡ ਰੈਬੀਜ਼ ਡੇਅ ਮਨਾਉਦੇ ਹੋਏ 1 ਅਕਤੂਬਰ 2024 ਨੂੰ ਸਵੇਰੇ 10.00 ਵਜੇ ਤੋ ਦੁਪਿਹਰ 12.00 ਵਜੇ ਤੱਕ ਵੈਟਰਨਰੀ ਪੋਲੀਕਲੀਨਿਕ, ਪਟਿਆਲਾ ਨੇੜੇ ਮੋਦੀ ਕਾਲਜ ਪਟਿਆਲਾ ਵਿਖੇ ਫਰੀ ਵੈਕਸੀਨੇਸ਼ਨ ਕੈਂਪ ਲਗਾਇਆ ਜਾ ਰਿਹਾ ਹੈ। ਉਹਨਾਂ ਨੇ ਸਮੂਹ ਇਲਾਕਾ ਨਿਵਾਸੀਆ ਨੂੰ ਅਪੀਲ ਕੀਤੀ ਹੈ ਕਿ ਆਪਣੇ ਪਾਲਤੂ ਕੁੱਤਿਆ ਨੂੰ ਅਤੇ ਗਲੀ ਮੁਹੱਲੇ ਵਿੱਚ ਰਹਿ ਰਹੇ ਬੇ-ਸਹਾਰਾ ਕੁੱਤਿਆ ਨੂੰ ਵੈਕਸੀਨੇਸ਼ਨ ਕਰਵਾਉਣ ਲਈ ਵੈਟਰਨਰੀ ਪੋਲੀਕਲੀਨਿਕ ਵਿਖੇ ਲੈ ਕੇ ਆਉਣ ਅਤੇ ਇਸ ਕੈਂਪ ਦਾ ਲਾਹਾ ਲੈਣ।

### ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੋਤੀ ਜੋਤ ਦਿਵਸ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ



**ਸ੍ਰੀ ਅਨੰਦਪੁਰ ਸਾਹਿਬ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਜੀ ਦੀ ਛਤਰ ਛਾਇਆ ਹੇਠ, ਇਸਤਰੀ ਸਤਿਸੰਗ ਸਭਾ ਸ੍ਰੀ ਅਨੰਦਪੁਰ ਸਾਹਿਬ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੋਤੀ ਜੋਤ ਦਿਵਸ ਗੁ: ਸੀਸ ਗੰਜ ਸਾਹਿਬ ਵਿਖੇ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਸਭ ਤੋਂ ਪਹਿਲਾਂ ਪਰਸੋਂ ਰੋਜ ਤੋਂ ਆਰੰਭ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਇਲਾਹੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰਤ ਦੀਵਾਨ ਸਜਾਇਆ ਗਿਆ। ਜਿਸ ਵਿੱਚ ਭਾਈ ਚਾਣਕ ਸਿੰਘ ਹਜ਼ੂਰੀ ਰਾਗੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਕੀਰਤਨੀ ਜਥੇ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ। ਇਸ ਮੌਕੇ ਗਿਆਨੀ ਸਤਵਿੰਦਰ ਸਿੰਘ ਕਥਾ ਵਾਚਕ ਤਖਤ ਸ੍ਰੀ ਕੇਸਗੜ੍ਹ ਸਾਹਿਬ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਇਤਿਹਾਸ ਨਾਲ ਜੋੜਿਆ।

ਇਸ ਮੌਕੇ ਗਿਆਨੀ ਜੋਗਿੰਦਰ ਸਿੰਘ ਮੁੱਖ ਗ੍ਰੰਥੀ ਕੇਸਗੜ੍ਹ ਸਾਹਿਬ, ਮਲਕੀਤ ਸਿੰਘ ਮੈਨੇਜਰ, ਐਡਵੋਕੇਟ ਹਰਦੇਵ ਸਿੰਘ ਆਡੀਸ਼ਨਲ ਮੈਨੇਜਰ, ਕਰਮਜੀਤ ਸਿੰਘ ਵਧੀਕ ਮਨੇਜਰ, ਐਡਵੋਕੇਟ ਜਸਵੀਰ ਸਿੰਘ, ਭਾਈ ਸਰਬਜੀਤ ਸਿੰਘ, ਭਾਈ ਹਰਜੀਤ ਸਿੰਘ, ਬਲਜਿੰਦਰ ਸਿੰਘ ਜੇ.ਈ, ਜਗਨੰਦਨ ਸਿੰਘ ਸੰਧੂ,ਦਲਵੀਰ ਸਿੰਘ ਧੂੜੀਆ, ਜਸਵਿੰਦਰ ਸਿੰਘ ਜੋਗਾ,ਮਾਤਾ ਗੁਰਚਰਨ ਕੌਰ ਪ੍ਰਧਾਨ ਇਸਤਰੀ ਸਤਿਸੰਗ ਸਭਾ, ਬੀਬੀ ਤਜਿੰਦਰ ਕੌਰ, ਬੀਬੀ ਸੁਰਿੰਦਰ ਪਾਲ ਕੌਰ, ਕੌਂਸਲਰ ਬੀਬੀ ਬਲਵੀਰ ਕੌਰ, ਬੀਬੀ ਮਨਜੀਤ ਕੌਰ ਆਦਿਕ ਤੋਂ ਇਲਾਵਾ ਵੱਡੀ ਗਿਣਤੀ ਵੀ ਸੰਗਤਾਂ ਹਾਜ਼ਰ ਸਨ।

# ਪੈਰ੍ਹਾ ਖੇਡਾਂ ਵਤਨ ਪੰਜਾਬ ਦੀਆਂ ਆਯੋਜਿਤ : ਡਿਪਟੀ ਕਮਿਸ਼ਨਰ

**ਬਠਿੰਡਾ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਡਾਇਰੈਕਟਰ ਸਮਾਜਿਕ ਸੁਰੱਖਿਆ ਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੀ ਅਗਵਾਈ ਹੇਠ ਖੇਡ ਵਿਭਾਗ ਵੱਲੋਂ ਪਹਿਲੀ ਪੈਰ੍ਹਾ ਖੇਡਾਂ ਨੂੰ "ਖੇਡਾਂ ਵਤਨ ਪੰਜਾਬ ਦੀਆਂ" ਵਿਚ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਖੇਡਾ 'ਚ ਪੈਰ੍ਹਾ ਐਥਲੈਟਿਕ, ਪੈਰ੍ਹਾ ਬੈਡਮਿੰਟਨ ਅਤੇ ਪੈਰ੍ਹਾ ਪਾਵਰ ਲਿਫਟਿੰਗ ਨੂੰ ਸ਼ਾਮਿਲ ਕੀਤਾ ਗਿਆ ਹੈ।



ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਸ਼੍ਰੀ ਪੰਕਜ ਕੁਮਾਰ ਨੇ ਦੱਸਿਆ ਕਿ ਇਹ ਖੇਡਾਂ 20 ਨਵੰਬਰ ਤੋਂ 25 ਨਵੰਬਰ 2024 ਤੱਕ ਜ਼ਿਲ੍ਹਾ ਲੁਧਿਆਣਾ ਦੇ ਗੁਰੂ ਨਾਨਕ ਸਟੇਡੀਅਮ ਵਿਖੇ ਆਯੋਜਿਤ ਕਰਵਾਈਆ ਜਾ ਰਹੀਆ ਹਨ। ਇਨ੍ਹਾਂ ਖੇਡਾਂ 'ਚ ਅੰਡਰ 15 ਅਤੇ 15 ਤੋਂ ਉਪਰ ਤੱਕ ਦੇ ਖਿਡਾਰੀ ਭਾਗ ਲੈ ਸਕਦੇ ਹਨ। ਉਨ੍ਹਾਂ ਕਿਹਾ ਕਿ 18 ਤੋਂ 30 ਸਤੰਬਰ ਤੱਕ ਖਿਡਾਰੀਆਂ ਦੀ ਆਫ-ਲਾਈਨ ਰਸਿਟ੍ਰੇਸ਼ਨ ਸਥਾਨਕ ਸ਼ਹੀਦ ਭਗਤ ਸਿੰਘ ਬਹੁ ਮੰਤਵੀ ਖੇਡ ਸਟੇਡੀਅਮ ਵਿਖੇ ਕੀਤੀ ਜਾਵੇਗੀ।

ਉਨ੍ਹਾਂ ਜ਼ਿਲ੍ਹੇ ਦੇ ਦਿਵਿਆਂਗ ਖਿਡਾਰੀਆਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਹੋ ਰਹੀਆਂ ਇਨ੍ਹਾਂ ਪੈਰ੍ਹਾ ਖੇਡਾਂ ਵਤਨ ਪੰਜਾਬ ਦੀਆਂ 'ਚ ਵੱਧ ਤੋਂ ਵੱਧ ਹਿੱਸਾ ਲੈਣ ਅਤੇ ਆਪਣਾ ਭਵਿੱਖ ਸਿਰਜਨ। ਣਮੱਤਾ ਤੇ ਪੁਰਾਤਨ ਸ਼ਹਿਰ ਹੈ। ਉਨ੍ਹਾਂ ਇੱਕ ਹੋਰ ਸਵਾਲ ਦਾ ਜਵਾਬ ਦਿੰਦਿਆ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਬਠਿੰਡਾ ਜ਼ਿਲ੍ਹੇ ਦੀਆਂ ਪੁਰਾਤਨ ਇਮਾਰਤਾਂ ਨੂੰ ਸੰਭਾਲਣ ਦੀਆਂ ਯੋਜਨਾਵਾਂ ਉਲੀਕ ਰਿਹਾ ਹੈ, ਜਿਨ੍ਹਾਂ ਦੀਆਂ ਜਲਦ ਪ੍ਰਪੋਜ਼ਲਾਂ ਬਣਾ ਕੇ ਸਰਕਾਰ ਨੂੰ ਭੇਜੀਆਂ ਜਾਣਗੀਆਂ।

ਵਧੀਕ ਡਿਪਟੀ ਕਮਿਸ਼ਨਰ ਨੇ ਇੱਕ ਹੋਰ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਜ਼ਿਲ੍ਹੇ ਅੰਦਰ ਜੋ ਵੀ ਪੁਰਾਤਨ ਇਮਾਰਤਾਂ ਹਨ, ਉਨ੍ਹਾਂ ਦਾ ਨਵੀਨੀਕਰਨ ਕਰਵਾਇਆ ਜਾਵੇਗਾ ਤਾਂ ਜੋ ਆਉਣ ਵਾਲੀਆਂ ਪੀੜੀਆਂ ਨੂੰ ਇਤਿਹਾਸ ਬਾਰੇ ਜਾਣੂ ਕਰਵਾਇਆ ਜਾ ਸਕੇ। ਉਨਾਂ ਇੱਕ ਹੋਰ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਬਠਿੰਡੇ ਦੀਆਂ ਝੀਲਾਂ ਨੂੰ ਹੋਰ ਵਿਕਸਿਤ ਕਰਨ ਲਈ ਪ੍ਰਪੋਜਲਾਂ ਬਣਾ ਰਿਹਾ ਹੈ। ਇਸ ਮੌਕੇ ਹੋਟਲ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਸਤੀਸ਼ ਅਰੋੜਾ, ਕੋਆਰਡੀਨੇਟਰ ਰੀਤੂ ਬਾਲਾ ਗਰਗ, ਸਕੱਤਰ ਰੈੱਡ ਕਰਾਸ ਸ਼੍ਰੀ ਦਰਸ਼ਨ ਕੁਮਾਰ ਅਤੇ ਆਈ.ਐਚ.ਐਮ ਦੇ ਵਿਦਿਆਰਥੀ ਤੇ ਹੋਰ ਪਤਵੰਤੇ ਆਦਿ ਹਾਜ਼ਰ ਸਨ।

# ਗ੍ਰਾਮ ਪੰਚਾਇਤ ਚੋਣਾਂ ਦੇ ਰਾਖਵੇਂਕਰਨ ਦੀਆਂ ਸੂਚੀਆਂ ਬੀ.ਡੀ.ਪੀ.ਓ ਦਫ਼ਤਰਾਂ ਵਿਖੇ ਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਵੈਬਸਾਈਟ 'ਤੇ ਉਪਲਬਧ : ਡਿਪਟੀ ਕਮਿਸ਼ਨਰ

**ਪਟਿਆਲਾ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਦੀਆਂ 1022 ਗ੍ਰਾਮ ਪੰਚਾਇਤਾਂ ਦੇ ਰਾਖਵੇਂਕਰਨ ਦੀਆਂ ਸੂਚੀਆਂ ਪਟਿਆਲਾ ਜ਼ਿਲ੍ਹੇ ਦੇ ਸਮੂਹ ਬੀ.ਡੀ.ਪੀ.ਓ. ਦਫ਼ਤਰਾਂ ਕੋਲ ਉਪਲਬੱਧ ਹਨ ਅਤੇ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਦੀ ਵੈਬਸਾਈਟ https://patiala.nic.in/reservation-list-of-sarpanches -and-panches-for-gram-panchayat-election-B@BD/ ਤੋਂ ਡਾਊਨਲੋਡ ਵੀ ਕੀਤੀਆਂ ਜਾ ਸਕਦੀਆਂ ਹਨ।



ਉਨ੍ਹਾਂ ਦੱਸਿਆ ਕਿ ਸਾਰੀਆਂ ਸੂਚੀਆਂ ਬੀ.ਡੀ.ਪੀ.ਓਜ ਦਫ਼ਤਰਾਂ ਵਿਖੇ ਚਸਪਾ ਕੀਤੀਆਂ ਗਈਆਂ ਹਨ ਅਤੇ ਇਹ ਸੂਚੀਆਂ ਡੀ.ਡੀ.ਪੀ.ਓ ਦਫ਼ਤਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਪਟਿਆਲਾ ਵਿਖੇ ਵੀ ਉਪਲਬੱਧ ਹਨ। ਡੀ.ਸੀ ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਜੇਕਰ ਕੋਈ ਪਿੰਡ ਵਾਸੀ ਇਹ ਸੂਚੀਆਂ ਲੈਣ ਦਾ ਚਾਹਵਾਨ ਹੈ ਤਾਂ ਉਹ ਇਨ੍ਹਾਂ ਦਫ਼ਤਰਾਂ ਵਿੱਚੋਂ ਲੈ ਸਕਦਾ ਹੈ।ਇਸੇ ਦੌਰਾਨ ਏ.ਡੀ.ਸੀ. (ਦਿਹਾਤੀ ਵਿਕਾਸ) ਅਨੁਪ੍ਰਿਤਾ ਜੌਹਲ ਨੇ ਦੱਸਿਆ ਕਿ ਇਹ ਸਾਰੀਆਂ ਸੂਚੀਆਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਵੀ ਉਪਲਬੱਧ ਕਰਵਾ ਦਿੱਤੀਆਂ ਗਈਆਂ ਹਨ।

# ਨਾਮਜ਼ਦਗੀ ਪੱਤਰ ਭਰਨ ਲਈ ਚਰਨ ਗੰਗਾ ਸਟੇਡੀਅਮ ਵਿੱਚ ਕੀਤੇ ਪ੍ਰਬੰਧ- ਐਸ.ਡੀ.ਐਮ



**ਸ੍ਰੀ ਅਨੰਦਪੁਰ ਸਾਹਿਬ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਸਪ੍ਰੀਤ ਸਿੰਘ ਕੰਟਰੋਲਿੰਗ ਅਫਸਰ ਕਮ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਦੱਸਿਆ ਕਿ ਪੰਚਾਇਤੀ ਚੋਣਾਂ ਲਈ ਨਾਮਜ਼ਦਗੀ ਪੱਤਰ ਭਰਨ ਵਾਸਤੇ ਚਰਨ ਗੰਗਾ ਸਟੇਡੀਅਮ ਵਿੱਚ ਸਾਰੇ ਜਰੂਰੀ ਬੰਦੋਬਸਤ ਕਰ ਲਏ ਹਨ। ਇੱਥੇ ਹੈਲਪ ਡੈਸਕ ਵੀ ਸਥਾਪਿਤ ਕੀਤਾ ਗਿਆ ਹੈ ਅਤੇ ਨਾਮਜ਼ਦਗੀ ਪੱਤਰ ਭਰਨ ਦੀ ਪ੍ਰਕਿਰਿਆ ਬੇਹੱਦ ਆਸਾਨ ਹੈ। ਉਨ੍ਹਾਂ ਨੇ ਦੱਸਿਆ ਕਿ ਚੋਣ ਕਮਿਸ਼ਨ ਦੀਆਂ ਹਦਾਇਤਾ ਅਨੁਸਾਰ ਸਮੁੱਚੀ ਚੋਣ ਪ੍ਰਕਿਰਿਆ ਨੂੰ ਅਮਲ ਵਿਚ ਲਿਆਦਾ ਜਾਵੇਗਾ, ਜਿੱਥੇ ਚੋਣਾਂ ਦੌਰਾਨ ਚੋਣ ਪ੍ਰਕਿਰਿਆ ਵਿਚ ਭਾਗ ਲੈਣ ਵਾਲੇ ਉਮੀਦਵਾਰਾ ਨੂੰ ਆਦਰਸ਼ ਚੋਣ ਜਾਬਤੇ ਬਾਰੇ ਜਾਣਕਾਰੀ ਦਿੱਤੀ ਜਾਵੇਗੀ, ਉਥੇ ਵੱਧ ਤੋ ਵੱਧ ਵੋਟਰਾਂ ਨੂੰ ਲੋਕਤੰਤਰ ਦੇ ਇਸ ਪਵਿੱਤਰ ਤਿਉਹਾਰ ਵਿਚ ਹਿੱਸਾ ਲੈਣ ਲਈ ਅਪੀਲ ਕੀਤੀ ਜਾਵੇਗੀ।

ਅਜੇ ਸਿੰਘ ਡੀ.ਐਸ.ਪੀ ਨੇ ਦੱਸਿਆ ਕਿ ਨਾਮਜ਼ਦਗੀ ਪੱਤਰ ਭਰਨ ਤੋ ਲੈ ਕੇ ਸਮੁੱਚੀ ਚੋਣ ਪ੍ਰਕਿਰਿਆ ਮੁਕੰਮਲ ਹੋਣ ਤੱਕ ਸੁਰੱਖਿਆ ਪ੍ਰਬੰਧ ਯਕੀਨੀ ਬਣਾਏ ਗਏ ਹਨ। ਨਾਮਜ਼ਦਗੀ ਪੱਤਰ ਦਾਖਲ ਕਰਨ ਵਾਲੇ ਸਥਾਨ ਤੇ ਸੁਰੱਖਿਆ ਦੇ ਨਾਲ ਨਾਲ ਸੁਚਾਰੂ ਟ੍ਰੈਫਿਕ ਵਿਵਸਥਾ, ਪਾਰਕਿੰਗ ਦੇ ਵੀ ਪ੍ਰਬੰਧ ਕੀਤੇ ਗਏ ਹਨ, ਤਾਂ ਜੋ ਨਾਮਜ਼ਦਗੀ ਪੱਤਰ ਭਰਨ ਲਈ ਆਉਣ ਵਾਲੇ ਨਾਗਰਿਕਾਂ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ। ਇਸ ਮੌਕੇ ਪੀਣ ਵਾਲੇ ਪਾਣੀ, ਪਖਾਨੇ ਦੀ ਢੁਕਵੀ ਵਿਵਸਥਾ ਦੇ ਨਾਲ ਨਾਲ ਸਮੁੱਚੀ ਪ੍ਰਕਿਰਿਆ ਬਾਰੇ ਜਾਣਕਾਰੀ ਦੇਣ ਲਈ ਹੈਲਪ ਡੈਸਕ ਤੇ ਸਿਖਲਾਈ ਪ੍ਰਾਪਤ ਸਟਾਫ ਤੈਨਾਤ ਕੀਤਾ ਗਿਆ ਹੈ। ਆਰ.ਓ ਤੇ ਏ.ਆਰ.ਓ ਨੂੰ ਸਮੇਂ ਸਮੇਂ ਤੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਤੇ ਸਮੁੱਚੀ ਚੋਣ ਪ੍ਰਕਿਰਿਆ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ।

# ਸਿਵਨ ਸਰਜਨ ਅਤੇ ਯਕਿਤਸਾ ਹੈਲਥਕੇਅਰ ਲਿਮਿਟਡ ਵੱਲੋਂ108 ਐਂਬੂਲੈਂਸ ਸਟਾਫ਼ ਨੂੰ ਕੀਤਾ ਸਨਮਾਨਿਤ



**ਫਾਜ਼ਿਲਕਾ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾ ਐਰਿਕ ਕਾਰਜਕਾਰੀ ਸਿਵਲ ਸਰਜਨ ਫਾਜਿਲਕਾ ਨੇ ਐਂਬੂਲੈਂਸ 108 ਵਿੱਚ ਚੰਗੀਆਂ ਸੇਵਾਵਾਂ ਦੇਣ ਵਾਲੀ ਡਰਾਈਵਰਾਂ ਅਤੇ ਟੈਕਨੀਸ਼ਨਾਂ ਨੂੰ ਅੱਜ ਦਫ਼ਤਰ ਸਿਵਲ ਸਰਜਨ ਵਿਖੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਡਾ ਅਰਪਿਤ ਗੁਪਤਾ, ਰਾਜੀਵ ਕੁਮਾਰ, ਸੰਜੀਵ ਕੁਮਾਰ, ਵਿਨੋਦ ਖੁਰਾਣਾ, ਕਲੱਸਟਰ ਮੈਨੇਜਰ ਮੋਹਿਤ ਆਚਾਰਯ, ਅਪਰੇਸ਼ਨ ਮੈਨੇਜਰ ਗੁਰਮਨ ਦੀਪ ਸਿੰਘ, ਪਾਰਸ, ਡਰਾਈਵਰ ਅਤੇ ਐਮਰਜੈਂਸੀ ਮੈਡੀਕਲ ਟੈਕਨੀਸ਼ਨ ਹਾਜ਼ਰ ਸਨ। ਡਾ ਐਰਿਕ ਨੇ ਦੱਸਿਆ ਕਿ ਸਿਹਤ ਵਿਭਾਗ ਚੰਗੀਆ ਸੇਵਾਵਾਂ ਦੇਣ ਵਾਲੇ ਅਧਿਕਾਰੀਆਂ ਅਤੇ ਕ੍ਰਮਚਾਰੀਆਂ ਨੂੰ ਹਮੇਸ਼ਾ ਸਨਮਾਨਿਤ ਕਰਦਾ ਆਇਆ ਹੈ। ਇਸੇ ਲੜੀ ਤਹਿਤ ਅੱਜ ਵੀ ਯਕਿਤਸਾ ਹੈਲਥਕੇਅਰ ਲਿਮਿਟਡ ਵੱਲੋਂ 108 ਐਂਬੂਲੈਂਸ ਵਿੱਚ ਕੰਮ ਕਰਨ ਵਾਲੇ ਸਟਾਫ਼ ਨੂੰ ਸਨਮਾਨਿਤ ਕੀਤਾ ਗਿਆ। ਉਹਨਾਂ ਸਿਹਤ ਵਿਭਾਗ ਵਿੱਚ ਕੰਮ ਕਰਦੇ ਸਟਾਫ਼ ਨੂੰ ਅਪੀਲ ਕੀਤੀ ਕਿ ਉਹ ਵੀ ਸਿਹਤ ਸੇਵਾਵਾਂ ਅਤੇ ਸਿਹਤ ਸਕੀਮਾਂ ਲੋਕਾਂ ਨੂੰ ਵੱਧ ਤੋਂ ਵੱਧ ਪਹੁੰਚਾਉਣ ਅਤੇ ਇਨ੍ਹਾਂ ਸਕੀਮਾਂ ਸਬੰਧੀ ਵੱਧ ਤੋਂ ਵੱਧ ਜਾਗਰੂਕ ਕਰਨ। ਅੱਜ ਈ ਐਮ ਟੀ ਰਾਜਪਾਲ, ਜੀਤ ਕੁਮਾਰ, ਕੁਲਦੀਪ ਕੁਮਾਰ ਅਤੇ ਜਸਪਾਲ ਸਿੰਘ ਕੁਲਦੀਪ ਸਿੰਘ ਅਤੇ ਸਰਬਜੀਤ ਸਿੰਘ ਨੂੰ ਸਨਮਾਨਿਤ ਕੀਤਾ ਗਿਆ।

# ਜ਼ਿਲ੍ਹੇ ’ਚ ਪਟਾਖੇ ਵੇਚਣ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ 18 ਥਾਵਾਂ ਕੀਤੀਆਂ ਨਿਰਧਾਰਤ

**ਹੁਸ਼ਿਆਰਪੁਰ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੈਜਿਸਟਰੇਟ ਕੋਮਲ ਮਿੱਤਲ ਨੇ ਜਨਤਾ ਨੂੰ ਸੂਚਿਤ ਕੀਤਾ ਹੈ ਕਿ ਇਸ ਸਾਲ ਦਿਵਾਲੀ ਦੇ ਤਿਉਹਾਰ ਦੌਰਾਨ ਪਟਾਖਿਆਂ ਦੀ ਰਿਟੇਲ ਵਿਕਰੀ ਲਈ ਅਸਥਾਈ ਲਾਇਸੰਸ ਜਾਰੀ ਕੀਤੇ ਜਾਣਗੇ। ਇਹ ਲਾਇਸੰਸ ਪਿਛਲੇ ਸਾਲ ਦੀ ਤਰ੍ਹਾਂ ਹੀ ਨਿਰਧਾਰਤ ਪ੍ਰਕਿਰਿਆ ਰਾਹੀਂ ਜਾਰੀ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਅਸਥਾਈ ਲਾਇਸੰਸ ਪ੍ਰਾਪਤ ਕਰਨ ਦੇ ਚਾਹਵਾਨ ਵਿਅਕਤੀਆਂ ਨੂੰ 1 ਅਕਤੂਬਰ 2024 ਤੋਂ 11 ਅਕਤੂਬਰ 2024 ਤੱਕ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਆਪਣੇ ਸਬੰਧਤ ਉਪ ਮੰਡਲ ਮੈਜਿਸਟਰੇਟ ਦਫ਼ਤਰ ਵਿਚ ਸਥਿਤ ਸੇਵਾ ਕੇਂਦਰਾਂ ਰਾਹੀਂ ਅਪਲਾਈ ਕਰਨਾ ਹੋਵੇਗਾ। ਅਪਲਾਈ ਕਰਦੇ ਸਮੇਂ ਸਬੰਧਤ ਵਿਅਕਤੀ ਨੂੰ ਅਰਜ਼ੀ ਫੀਸ ਜਮ੍ਹਾਂ ਕਰਵਾਉਣਾ ਜ਼ਰੂਰੀ ਹੋਵੇਗਾ। ਉਨ੍ਹਾਂ ਦੱਸਿਆ ਕਿ ਅਪਲਾਈ ਸਮੇਂ ਸਵੈ-ਘੋਸ਼ਣਾ ਪੱਤਰ, ਪਾਸਪੋਰਟ ਸਾਈਜ ਫੋਟੋ ਅਤੇ ਆਧਾਰ ਕਾਰਡ ਦੀ ਕਾਪੀ ਲਗਾਉਣਾ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਬਿਨੈਕਾਰ ਦੀ ਉਮਰ 18 ਸਾਲ ਤੋਂ ਘੱਟ ਨਹੀਂ ਹੋਣੀ ਚਾਹੀਦੀ ਅਤੇ ਉਹ ਹੁਸ਼ਿਆਰਪੁਰ ਜ਼ਿਲ੍ਹੇ ਦਾ ਨਿਵਾਸੀ ਹੋਣਾ ਚਾਹੀਦਾ ਹੈ। ਪ੍ਰਾਪਤ ਅਰਜੀਆਂ ਦੀ ਜਾਂਚ ਉਪਰੰਤ ਯੋਗ ਬਿਨੈਕਾਰਾਂ ਨੂੰ ਅਸਥਾਈ ਲਾਇਸੰਸ 18 ਅਕਤੂਬਰ 2024 ਨੂੰ ਸਵੇਰੇ 11:30 ਵਜੇ ਜ਼ਿਲ੍ਹਾ



ਮੈਜਿਸਟਰੇਟ ਦਫ਼ਤਰ ਹੁਸ਼ਿਆਰਪੁਰ (ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਮਿੰਨੀ ਸਕੱਤਰੇਤ) ਵਿਖੇ ਆਯੋਜਿਤ ਡਰਾਅ ਪ੍ਰਕਿਰਿਆ ਰਾਹੀਂ ਪ੍ਰਦਾਨ ਕੀਤੇ ਜਾਣਗੇ।

ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਕਿ ਇਹ ਅਸਥਾਈ ਲਾਇਸੰਸ ਕੇਵਲ ਪ੍ਰਸ਼ਾਸਨ ਦੁਆਰਾ ਨਿਰਧਾਰਤ ਕੀਤੇ ਸਥਾਨਾਂ ’ਤੇ ਪਟਾਖੇ ਵੇਚਣ ਲਈ ਜਾਰੀ ਕੀਤੇ ਜਾਣਗੇ। ਚਾਹਵਾਨ ਬਿਨੈਕਾਰ ਪ੍ਰਸ਼ਾਸਨ ਦੁਆਰਾ ਦੱਸੇ ਗਏ ਸਥਾਨਾਂ ਲਈ ਆਪਣਾ ਬਿਨੈ ਪੱਤਰ ਜਮ੍ਹਾਂ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ ਪਟਾਖੇ ਵੇਚਣ ਲਈ 18 ਸਥਾਨ ਨਿਰਧਾਰਤ ਕੀਤੇ ਗਏ ਹਨ ਅਤੇ ਇਨ੍ਹਾਂ ਸਥਾਨਾਂ ਲਈ 57 ਡਰਾਅ ਕੱਢੇ ਜਾਣਗੇ।

ਉਨ੍ਹਾਂ ਦੱਸਿਆ ਕਿ ਉਪ ਮੰਡਲ ਹੁਸ਼ਿਆਰਪੁਰ ਵਿਚ ਦੁਸਹਿਰਾ ਗਰਾਉਂਡ (ਨਵੀਂ ਆਬਾਦੀ) ਲਈ 14, ਜ਼ਿਲ੍ਹਾ ਪ੍ਰੀਸ਼ਦ ਮਾਰਕਿਟ (ਅੱਡਾ ਮਾਹਿਲਪੁਰ) ਲਈ 5, ਰੌਸ਼ਨ ਗਰਾਉਂਡ ਹੁਸ਼ਿਆਰਪੁਰ ਲਈ 3, ਰਾਮਲੀਲਾ ਗਰਾਉਂਡ ਹਰਿਆਣਾ ਲਈ 3, ਬੁਲੋਵਾਲ ਖੁੱਲੇ ਸਥਾਨ ਲਈ 1, ਚੱਬੇਵਾਲ ਖੁੱਲ੍ਹੇ ਸਥਾਨ ਲਈ 1 ਡਰਾਅ ਕੱਢਿਆ ਜਾਵੇਗਾ। ਉਪ ਮੰਡਲ ਗੜ੍ਹਸ਼ੰਕਰ ਵਿਚ ਮਿਲਟਰੀ ਗਰਾਉਂਡ ਗੜ੍ਹਸ਼ੰਕਰ ਲਈ 4, ਮਾਹਿਲਪੁਰ-ਫਗਵਾੜਾ ਰੋਡ ’ਤੇ ਸਥਿਤ ਨਗਰ ਪੰਚਾਇਤ ਮਾਹਿਲਪੁਰ ਦੇ ਮਾਲਕਾਨਾ ਵਾਲੇ ਸਥਾਨ ਲਈ 3, ਕੋਟ ਫਤੂਹੀ ਤੋਂ ਬਿੰਜੋ ਰੋਡ ਦੇ ਖਾਲੀ ਥਾਂ ਲਈ 2 ਡਰਾਅ ਕੱਢੇ ਜਾਣਗੇ। ਉਪ ਮੰਡਲ ਦਸੂਹਾ ਵਿਚ ਮਹਾਰਿਸ਼ੀ ਵਾਲਮੀਕਿ ਪਾਰਕ ਲਈ 3, ਬਲਾਕ ਸੰਮਤੀ ਸਟੇਡੀਅਮ ਦਸੂਹਾ ਲਈ 3, ਦੁਸਹਿਰਾ ਗਰਾਉਂਡ ਗੜ੍ਹਦੀਵਾਲਾ ਲਈ 3 ਡਰਾਅ ਕੱਢੇ ਜਾਣਗੇ।

ਉਪ ਮੰਡਲ ਟਾਂਡਾ ਲਈ ਸ਼ਿਮਲਾ ਪਹਾੜੀ ਪਾਰਕ ਉੜਮੁੜ ਵਿਚ 3 ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਟਾਂਡਾ ਦੀ ਗਰਾਉਂਡ ਲਈ 2 ਡਰਾਅ ਕੱਢੇ ਜਾਣਗੇ। ਉਪ ਮੰਡਲ ਮੁਕੇਰੀਆਂ ਵਿਚ ਦੁਸਹਿਰਾ ਗਰਾਉਂਡ ਮੁਕੇਰੀਆਂ ਲਈ 2, ਦੁਸਹਿਰਾ ਗਰਾਉਂਡ ਹਾਜੀਪੁਰ ਲਈ 2, ਨਰਸਰੀ ਗਰਾਉਂਡ ਸੈਕਟਰ-3 ਤਲਵਾੜਾ ਲਈ 2 ਅਤੇ ਦੁਸਹਿਰਾ ਗਰਾਉਂਡ ਦਾਤਾਰਪੁਰ ਲਈ 1 ਡਰਾਅ ਕੱਢਿਆ ਜਾਵੇਗਾ।

# ਜਿਲ੍ਹਾ ਪ੍ਰਸ਼ਾਸਨ ਨਾਲ ਸਹਿਯੋਗ ਕਰਦਿਆਂ ਕਿਸਾਨ ਪਰਾਲੀ ਨੂੰ ਅੱਗ ਨਾ ਲਾਉਣ-ਐਸ ਡੀ ਐਮ ਜਸਪਿੰਦਰ ਸਿੰਘ



**ਦੀਨਾਨਗਰ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੀਨਾਨਗਰ ਸਬ ਡਵੀਜ਼ਨ ਦੇ ਨਵ-ਨਿਯੁਕਤ ਐਸਡੀਐਮ ਸ੍ਰੀ ਜਸਪਿੰਦਰ ਸਿੰਘ ਅਤੇ ਏਸੀਪੀ ਦਿਲਪ੍ਰੀਤ ਸਿੰਘ ਦੀ ਅਗਵਾਈ ਹੇਠ ਦੀਨਾਨਗਰ ਦੇ ਪਿੰਡ ਬਹਿਰਾਮਪੁਰ, ਉੱਚਾ ਧਕਾਲਾ, ਬਾਹਮਣੀ ਅਤੇ ਰੰਗੜ ਪਿੰਡੀ ਵਿਖੇ ਪਰਾਲੀ ਨਾ ਸਾੜਨ ਲਈ ਕਿਸਾਨ ਜਾਗਰੂਕਤਾ ਕੈਂਪ ਲਗਾਏ ਗਏ।

ਇਸ ਮੌਕੇ ਨਾਇਬ ਤਹਸੀਲਦਾਰ ਸੁਖਵਿੰਦਰ ਸਿੰਘ, ਡਾ .ਬਲਜਿੰਦਰ ਸਿੰਘ ਖੇਤੀਬਾੜੀ ਅਫਸਰ, ਡਾ. ਮੋਹਣ ਸਿੰਘ ਵਾਹਲਾ ਖੇਤੀਬਾੜੀ ਵਿਸਥਾਰ ਅਫਸਰ ਗਾਹਲੜੀ ਠਾਕਰ ਰਵਿੰਦਰ ਸਿੰਘ ਕਾਨੂੰਗੋ ਅਸ਼ੋਕ ਕੁਮਾਰ., ਪਟਵਾਰੀ ਜੋਗਿੰਦਰਪਾਲ ਐਸ ਐਚ ਓ ਬਹਿਰਾਮਪੁਰ ਸਮੇਤ ਵੱਖ ਵੱਖ ਪਿੰਡਾਂ ਦਾ ਕਿਸਾਨ ਮੌਜੂਦ ਸਨ।

ਇਸ ਮੌਕੇ ਐਸ ਐਸਡੀਐਮ ਜਸਪਿੰਦਰ ਸਿੰਘ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀ ਅਗਵਾਈ ਹੇਠ ਜਿਲ੍ਹੇ ਅੰਦਰ ਪਰਾਲੀ ਨਾ ਸਾੜਨ ਦੀ ਮੁਹਿੰਮ ਚਲਾਈ ਗਈ ਹੈ, ਜਿਸ ਦੇ ਚਲਦਿਆਂ ਅੱਜ ਦੀਨਾਨਗਰ ਦੇ ਵੱਖ ਵੱਖ ਪਿੰਡਾਂ ਵਿੱਚ ਕਿਸਾਨ ਜਾਗਰੂਕਤਾ ਕੈਂਪ ਲਗਾਏ ਗਏ ਹਨ।

ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜਿਲ੍ਹਾ ਪ੍ਰਸ਼ਾਸਨ ਨਾਲ ਸਹਿਯੋਗ ਕਰਦਿਆਂ ਪਰਾਲੀ/ਨਾੜ ਨੂੰ ਅੱਗ ਨਾ ਲਾਈ ਜਾਵੇ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਨੁੱਕੜ ਮੀਟਿੰਗਾਂ ਰਾਹੀਂ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਉਣ ਦੀ ਅਪੀਲ ਕੀਤੀ ਜਾ ਰਹੀ ਹੈ।ਬਹਿਰਾਮਪੁਰ ਵਿੱਚ ਖੇਤੀਬਾੜੀ ਵਿਸਥਾਰ ਅਫਸਰ ਮੋਹਣ ਸਿੰਘ ਵਾਹਲਾ ਦੀ ਅਗਵਾਈ ਵਿੱਚ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ ਜਿਸ ਵਿੱਚ 85 ਕਿਸਾਨਾਂ ਨੇ ਹਿਸਾ ਲਿਆ। ਇਸ ਮੌਕੇ ਐਸਡੀਐਮ ਦੀਨਾਨਗਰ ਵਲੋਂ ਕਿਸਾਨਾਂ ਤੋਂ ਪਰਾਲੀ ਨੂੰ ਅੱਗ ਨਾ ਲਗਾਉਣ ਦਾ ਪ੍ਰਾਣ ਲਿਆ ਗਿਆ।

# ਸਵੱਛ ਭਾਰਤ ਮਿਸ਼ਨ ਅਧੀਨ ਸਵੱਛਤਾ ਹੀ ਸੇਵਾ ਮੁਹਿੰਮ ਦੇ ਤਰਲ ਕੂੜਾ ਪ੍ਰਬੰਧਨ ਤਹਿਤ ਟੋਭਿਆਂ ਦੀ ਸਾਫ ਸਫਾਈ ਕਰਵਾਈ



**ਰੂਪਨਗਰ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਰੂਪਨਗਰ ਸ਼੍ਰੀ ਹਿਮਾਂਸ਼ੂ ਜੈਨ ਦੀ ਯੋਗ ਅਗਵਾਈ ਹੇਠ ਸਵੱਛ ਭਾਰਤ ਮਿਸ਼ਨ ਅਧੀਨ ਸਵੱਛਤਾ ਹੀ ਸੇਵਾ ਪੰਦਰਵਾੜੇ ਤਹਿਤ ਸੁਭਾਅ ਸਵੱਛਤਾ, ਸੰਸਕਾਰ ਸਵੱਛਤਾ ਨੂੰ ਮੁੱਖ ਰੱਖਦੇ ਹੋਏ ਜਿਲ੍ਹਾ ਰੂਪਨਗਰ ਦੇ ਪਿੰਡਾਂ ਵਿੱਚ ਤਰਲ ਕੂੜਾ ਪ੍ਰਬੰਧਨ ਅਧੀਨ ਜ਼ਿਲ੍ਹੇ ਦੇ ਪਿੰਡਾਂ ਵਿਚ ਟੋਭਿਆਂ ਸਫਾਈ ਦੀ ਇੱਕ ਦਿਨ ਦੀ ਵਿਸ਼ੇਸ਼ ਮੁਹਿੰਮ ਚਲਾਈ ਗਈ। ਇਸ ਮੌਕੇ ਸਫਾਈ ਕਰਮੀਆਂ ਅਤੇ ਪਿੰਡ ਵਾਸੀਆਂ ਵਲੋਂ ਰਲ ਮਿਲ ਕੇ ਟੋਭਿਆ ਦੀ ਸਫਾਈ ਕੀਤੀ ਗਈ।

ਇਸ ਮੌਕੇ ਬੋਲਦਿਆਂ ਐਕਸੀਅਨ ਵਾਟਰ ਸਪਲਾਈ ਮਾਈਕਲ ਨੇ ਦੱਸਿਆ ਕਿ ਭਾਰਤ ਸਰਕਾਰ ਵਲੋਂ ਸਵੱਛ ਭਾਰਤ ਮਿਸ਼ਨ ਅਧੀਨ ਸਵੱਛਤਾ ਹੀ ਸੇਵਾ ਪੰਦਰਵਾੜਾ ਹਰੇਕ ਸਾਲ 15 ਸਤੰਬਰ ਤੋਂ ਲੈ ਕੇ 2 ਅਕਤੂਬਰ ਤੱਕ ਮਨਾਇਆ ਜਾਂਦਾ ਹੈ, ਜਿਸ ਵਿੱਚ ਵੱਖ ਵੱਖ ਤਰ੍ਹਾਂ ਦੀਆਂ ਸਾਫ ਸਫਾਈ ਦੀਆਂ ਗਤੀਵਿਧੀਆਂ ਰਾਹੀਂ ਆਪਣਾ ਘਰ ਅਤੇ ਆਲ਼ਾ ਦੁਆਲਾ ਸਾਫ ਕੀਤਾ ਜਾਂਦਾ ਹੈ।

# ਵਿਸ਼ਵ ਸੈਰ ਸਪਾਟਾ ਦਿਵਸ ਮੌਕੇ ਫਾਜ਼ਿਲਕਾ ਦੀਆਂ ਵੇਖਣਯੋਗ ਥਾਂਵਾਂ ਸਬੰਧੀ ਡਿਪਟੀ ਕਮਿਸ਼ਨਰ ਨੇ ਜਾਰੀ ਕੀਤੀ ਵੀਡੀਓ

**ਫਾਜ਼ਿਲਕਾ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਮਾਂਤਰੀ ਸੈਰ ਸਪਾਟਾ ਦਿਵਸ ਮੌਕੇ ਫਾਜ਼ਿਲਕਾ ਜ਼ਿਲ੍ਹੇ ਦੀਆਂ ਵੇਖਣਯੋਗ ਥਾਂਵਾਂ ਸਬੰਧੀ ਇਕ ਵੀਡੀਓ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਆਈਏਐਸ ਨੇ ਰਲੀਜ਼ ਕੀਤੀ।

ਇਸ ਵੀਡੀਓ ਵਿਚ ਫਾਜ਼ਿਲਕਾ ਦੇ ਦਰਸ਼ਨੀ ਸਥਲਾਂ ਨੂੰ ਵਿਖਾਇਆ ਗਿਆ ਹੈ ਅਤੇ ਦੇਸ਼ ਦੁਨੀਆਂ ਦੇ ਲੋਕਾਂ ਨੂੰ ਫਾਜ਼ਿਲਕਾ ਆਉਣ ਦਾ ਸੱਦਾ ਦਿੱਤਾ ਗਿਆ ਹੈ। ਇਹ ਵੀਡੀਓ ਡਿਪਟੀ ਕਮਿਸ਼ਨਰ ਵੱਲੋਂ ਆਸਫ਼ ਵਾਲਾ ਵਾਰ ਮੈਮੋਰੀਅਲ ਵਿਖੇ ਜਾਰੀ ਕੀਤੀ ਗਈ। ਇਸ ਨੂੰ ਸਮਾਜ ਸੇਵੀ ਨਵਦੀਪ ਅਸੀਜਾ ਦੀ ਟੀਮ ਨਾਲ ਮਿਲਕੇ ਤਿਆਰ ਕੀਤਾ ਗਿਆ ਹੈ।

ਇਸ ਮੌਕੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਆਈਏਐਸ ਨੇ ਕਿਹਾ ਇਸ ਵੀਡੀਓ ਰਾਹੀਂ ਅਸੀਂ ਆਪਣੇ ਫਾਜ਼ਿਲਕਾ ਦੇ ਸੈਰ ਸਪਾਟੇ ਵਾਲੀਆਂ ਥਾਂਵਾਂ ਦੀ ਜਾਣਕਾਰੀ ਲੋਕਾਂ ਨੂੰ ਦੇ ਸਕਾਂਗੇ ਅਤੇ ਲੋਕ ਇਸ ਰਾਹੀਂ ਫਾਜ਼ਿਲਕਾ ਵਿਖੇ ਘੁੰਮਣ ਫਿਰਨ ਲਈ ਆਉਣਗੇ।

ਉਨ੍ਹਾਂ ਨੇ ਕਿਹਾ ਕਿ ਫਾਜ਼ਿਲਕਾ ਬਹੁ ਭਾਂਤੀ ਸਭਿਆਚਾਰਾਂ ਵਾਲਾ ਜਿਲ੍ਹਾ ਹੈ ਜੋ ਕਿ ਇਕ ਪਾਸੇ



ਪਾਕਿਸਤਾਨ ਤੇ ਦੂਜੇ ਪਾਸੇ ਰਾਜਸਥਾਨ ਨਾਲ ਲੱਗਦਾ ਹੈ।

ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਆਸਫਵਾਲਾ ਵਾਰ ਮੈਮੋਰੀਅਲ ਵਿਖੇ ਜਾ ਕੇ 1971 ਦੇ ਸ਼ਹੀਦਾਂ ਨੂੰ ਨਮਨ ਕੀਤਾ ਅਤੇ ਆਪਣੀ ਸਰਧਾਂਜਲੀ ਭੇਟ ਕੀਤੀ। ਆਸਫਵਾਲਾ ਵਿਚ ਉਨ੍ਹਾਂ ਸ਼ਹੀਦਾਂ ਦੀ ਸਮਾਧੀ ਬਣੀ ਹੋਈ ਹੈ ਜੋ 1971 ਦੀ ਭਾਰਤ ਪਾਕਿ ਜੰਗ ਵਿਚ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਦੇ ਹੋਏ ਦੇਸ਼ ਤੋਂ ਆਪਣੀਆਂ ਜਾਨਾਂ ਨਿਊਛਾਵਰ ਕਰ ਗਏ ਸੀ। ਇਸ ਮੌਕੇ ਉਨ੍ਹਾਂ ਆਸਫ਼ ਵਾਲਾ ਵਾਰ ਮੈਮੋਰੀਅਲ ਵਿਖੇ ਪੌਦਾ ਵੀ ਲਗਾਇਆ ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਜਨਰਲ ਡਾ: ਮਨਦੀਪ ਕੌਰ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸੁਭਾਸ਼ ਚੰਦਰ, ਡੀਡੀਪੀਓ ਗੁਰਦਰਸ਼ਨ ਕੁੰਡਲ, ਤਹਿਸੀਲਦਾਰ ਫਾਜ਼ਿਲਕਾ ਨਵਜੀਵਨ ਛਾਬੜਾ, ਆਸਫ਼ ਵਾਲਾ ਵਾਰ ਮੈਮੋਰੀਅਲ ਕਮੇਟੀ ਦੇ ਅਹੁਦੇਦਾਰ ਸੰਦੀਪ ਗਿਲਹੋਤਰਾ, ਉਮੇਸ਼ ਚੰਦਰ ਕੁੱਕੜ, ਰਵੀ ਨਾਗਪਾਲ ਸ਼ਸ਼ੀਕਾਂਤ, ਆਸ਼ੀਸ਼ ਪੁਪਨੇਜਾ, ਵਿਜੇ ਛਾਬੜਾ, ਅੰਮ੍ਰਿਤ ਲਾਲ ਗੁੰਬਰ, ਲੀਲਾਧਰ ਸ਼ਰਮਾ ਵੀ ਹਾਜਰ ਸਨ।

# ਮੋਰਿੰਡਾ ਸਹਿਕਾਰੀ ਖੰਡ ਮਿੱਲ ਦਾ ਬਾਰਵਾਂ ਆਮ ਇਜਲਾਸ ਸਫਲਤਾਪੂਰਵਕ ਸਪੰਨ

**ਰੂਪਨਗਰ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਹਿਕਾਰੀ ਖੰਡ ਮਿੱਲ, ਮੋਰਿੰਡਾ ਦਾ ਬਾਰਵਾਂ ਆਮ ਇਜਲਾਸ, ਗਗਨ ਰਿਜ਼ੋਰਟ (ਮੋਰਿੰਡਾ-ਸ੍ਰੀ ਚਮਕੌਰ ਸਾਹਿਬ ਰੋਡ), ਕਾਝਲਾਂ ਵਿਖੇ ਸ੍ਰੀਮਤੀ ਸੁਚਰੀਤ ਕੌਰ ਚੀਮਾ, ਉੱਪ ਰਜਿਸਟਰਾਰ,ਸਹਿਕਾਰੀ ਸਭਾਵਾਂ, ਰੂਪਨਗਰ -ਕਮ- ਪ੍ਰਸ਼ਾਸ਼ਕ, ਸਹਿਕਾਰੀ ਖੰਡ ਮਿੱਲ, ਮੋਰਿੰਡਾ ਦੀ ਪ੍ਰਧਾਨਗੀ ਹੇਠ ਮਿੱਲ ਪ੍ਰਬੰਧਕਾਂ ਦੇ ਸੁੱਚਜੇ ਪ੍ਰਬੰਧਾਂ ਨਾਲ ਸਫਲਤਾ ਪੂਰਵਕ ਹੋਇਆ।ਮਿੱਲ ਜਨਰਲ ਮੈਨੇਜਰ ਸ੍ਰੀ ਅਰਵਿੰਦਰ ਪਾਲ ਸਿੰਘ ਕੈਰੋਂ ਵੱਲੋਂ ਦੱਸਿਆ ਗਿਆ ਕਿ ਸਹਿਕਾਰੀ ਖੰਡ ਮਿੱਲਾਂ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਗੰਨੇ ਦੀ ਪੂਰੀ ਅਦਾਇਗੀ ਦਾ ਭੁਗਤਾਨ ਅੱਸੂ-ਕੱਤਕ ਦੀ ਗੰਨੇ ਦੀ ਬਿਜਾਈ ਤੋਂ ਪਹਿਲਾਂ ਕਰ ਦਿੱਤਾ ਗਿਆ ਹੈ, ਜਿਸ ਕਾਰਣ ਗੰਨਾ ਕਾਸ਼ਤਕਾਰਾਂ ਵਿੱਚ ਕਣਕ ਅਤੇ ਝੋਨੇ ਦੇ ਫਸਲੀ ਚੱਕਰ ਵਿੱਚੋਂ ਨਿਕਲ ਕੇ ਗੰਨੇ ਦੀ ਵੱਧ ਤੋਂ ਵੱਧ ਬਿਜਾਈ ਕਰਨ ਦਾ ਉਤਸ਼ਾਹ ਪਾਇਆ ਜਾ ਰਿਹਾ ਹੈ। ਉਨ੍ਹਾਂ ਵੱਲੋਂ ਗੰਨਾ ਕਾਸ਼ਤਕਾਰਾਂ ਦੀਆਂ ਮੁਸ਼ਕਿਲਾਂ ਵੀ ਸੁਣੀਆ ਗਈਆ ਅਤੇ ਇਨ੍ਹਾਂ ਦਾ ਮੁਸ਼ਕਿਲਾਂ ਦਾ ਜਲਦੀ ਹੀ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ।

ਉਨ੍ਹਾਂ ਵੱਲੋਂ ਇਹ ਵੀ ਦੱਸਿਆ ਗਿਆ ਕਿ ਮਿੱਲ ਵੱਲੋਂ ਪਿੜਾਈ ਸੀਜ਼ਨ 2023-24 ਦੌਰਾਨ 10.00% ਖੰਡ ਦੀ ਰਿਕਵਰੀ ਦੇ ਟੀਚੇ ਵਿਰੁੱਧ 10.40% ਖੰਡ ਦੀ ਰਿਕਵਰੀ ਪ੍ਰਾਪਤ ਕੀਤੀ ਗਈ, ਜੋਂ ਕਿ ਪੰਜਾਬ ਅਤੇ ਹਰਿਆਣਾ ਰਾਜ ਦੀਆਂ ਸਾਰੀਆਂ ਪ੍ਰਾਇਵੇਟ ਅਤੇ ਸਹਿਕਾਰੀ ਖੰਡ ਮਿੱਲਾਂ ਦੇ ਮੁਕਾਬਲੇ ਸਭ ਤੋਂ ਜਿਆਦਾ ਹੈ। ਮਿੱਲ ਵੱਲੋਂ ਪਿੜਾਈ ਸੀਜਨ ਦੌਰਾਨ 27.00 ਲੱਖ ਕੁਵਿੰਟਲ ਗੰਨੇ ਦੀ ਪਿੜਾਈ ਦੇ ਟੀਚੇ ਵਿਰੁੱਧ 28.06 ਲੱਖ ਕੁਵਿੰਟਲ ਗੰਨੇ ਦੀ ਪਿੜਾਈ ਕੀਤੀ ਗਈ, ਜਦਕਿ ਪਿਛਲੇ ਸੀਜ਼ਨ 2022-23 ਦੌਰਾਨ 22.10 ਲੱਖ ਕੁਵਿੰਟਲ ਗੰਨੇ ਦੀ ਪਿੜਾਈ ਕੀਤੀ ਗਈ ਸੀ।

ਮਿੱਲ ਵੱਲੋਂ ਪਿੜਾਈ ਸੀਜਨ ਦੌਰਾਨ 292205 ਕੁਵਿੰਟਲ ਖੰਡ ਦਾ ਉਤਪਾਦਨ ਕੀਤਾ ਗਿਆ, ਜੋਂ ਕਿ ਪਿਛਲੇ ਸੀਜ਼ਨ 2022-23 ਦੌਰਾਨ 218952 ਕੁਵਿੰਟਲ ਸੀ। ਪਿੜਾਈ ਸੀਜ਼ਨ 2023-24 ਦੌਰਾਨ ਐਮ-30 ਖੰਡ ਦਾ ਉਤਪਾਦਨ 205880 ਕੁਵਿੰਟਲ (70.46%) ਕੀਤਾ ਗਿਆ ਅਤੇ ਖੰਡ ਦਾ ਉਤਪਾਦਨ 86325 ਕੁਵਿੰਟਲ (29.54%) ਕੀਤਾ ਗਿਆ। ਪਿੜਾਈ ਸੀਜ਼ਨ 2023-24 ਦੌਰਾਨ 17670.90 ਕੁਵਿੰਟਲ ਖੋਈ (Bagasse) ਦੀ ਸੇਲ ਕੀਤੀ ਗਈ, ਜਿਸ ਤੋਂ ਮਿੱਲ ਨੂੰ 45 ਲੱਖ ਦੇ ਕਰੀਬ ਰੁਪਏ ਦੀ ਆਮਦਨ ਪ੍ਰਾਪਤ ਹੋਈ ਹੈ ਜਦਕਿ ਪਿੜਾਈ ਸੀਜ਼ਨ 2022-23 ਦੌਰਾਨ 6629.20 ਕੁਵਿੰਟਲ ਖੋਈ (Bagasse) ਦੀ ਸੇਲ ਕੀਤੀ ਗਈ, ਜਿਸ ਤੋਂ ਮਿੱਲ ਨੂੰ 10 ਲੱਖ ਰੁਪਏ ਦੇ ਕਰੀਬ ਆਮਦਨ ਪ੍ਰਾਪਤ ਹੋਈ ਸੀ। ਉਨ੍ਹਾਂ ਦੱਸਿਆ ਕੈਸ਼ ਕਰੈਡਿਟ ਲਿਮਟ ਦਾ ਬਜਟਡ ਵਿਆਜ 6 ਕਰੋੜ ਰੁਪਏ ਸੀ ਪ੍ਰੰਤੂ ਅਸਲ ਵਿੱਚ ਇਹ ਵਿਆਜ 3 ਕਰੋੜ 13 ਲੱਖ ਰੁਪਏ ਅਦਾ ਕੀਤਾ ਗਿਆ।

ਜਨਰਲ ਮੈਨੇਜਰ ਵੱਲੋਂ ਉਨ੍ਹਾਂ ਨੇ ਆਏ ਹੋਏ ਸਾਰੇ ਪਤਵੰਤੇ ਹਿੱਸੇਦਾਰਾਂ ਅਤੇ ਮਿੱਲ ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਆਮ ਇਜਲਾਸ ਨੂੰ ਸਫਤਲਾਪੂਰਵਕ ਕਰਨ ਤੇ ਧੰਨਵਾਦ ਕੀਤਾ ਅਤੇ ਵਿਸ਼ਵਾਸ਼ ਦਿਵਾਇਆ ਕਿ ਇਸ ਮਿੱਲ ਨੂੰ ਸਾਰਥਕ ਉਪਰਾਲੇ ਕਰਕੇ ਤਰੱਕੀ ਵੱਲ ਲੈ ਜਾਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ ਤਾਂ ਕਿ ਆਉਣ ਵਾਲੇ ਪਿੜਾਈ ਸੀਜ਼ਨ 2024-25 ਵਿੱਚ ਮਿੱਲ ਵਧੀਆ ਨਤੀਜੇ ਪ੍ਰਾਪਤ ਕਰ ਸਕੇ।

ਇਸ ਮੌਕੇ ਉਤੇ ਪ੍ਰਬੰਧ ਨਿਰਦੇਸ਼ਕ, ਸ਼ੂਗਰਫੈਡ ਪੰਜਾਬ ਦੇ ਨੁਮਾਇੰਦੇ ਸ਼੍ਰੀ ਤਰਨਵੀਰ ਸਿੰਘ, ਉੱਪ ਮੁੱਖ ਇੰਜੀਨੀਅਰ, ਸਹਿਕਾਰੀ ਖੰਡ ਮਿੱਲ, ਨਵਾਂਸ਼ਹਿਰ, ਸ਼੍ਰੀ ਰਾਹੁਲ ਪ੍ਰਭਾਕਰ, ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਸ਼੍ਰੀ ਚਮਕੌਰ ਸਾਹਿਬ, ਮਿੱਲ ਦੇ ਬੋਰਡ ਆਫ ਡਾਇਰੈਕਟਰਜ਼ ਦੇ ਸਾਬਕਾ ਮੈਂਬਰ ਅਤੇ ਸ਼੍ਰੀ ਵੀ.ਬੀ ਸਿੰਘ, ਸ਼੍ਰੀ ਐਮ ਸਿੰਘ, ਸ਼੍ਰੀ ਜਸਵੰਤ ਸਿੰਘ ਉਚੇਚੇ ਤੌਰ ਉਤੇ ਹਾਜ਼ਰ ਹੋਏ।

ਮੌਕੇ ਉਤੇ ਹਾਜ਼ਰ ਹਿੱਸੇਦਾਰਾਂ ਅਤੇ ਵੱਖ-ਵੱਖ ਕਿਸਾਨ ਯੂਨੀਅਨ ਆਗੂਆਂ ਸ਼੍ਰੀ ਮੇਹਰ ਸਿੰਘ ਥੇੜੀ, ਸ਼੍ਰੀ ਰੇਸ਼ਮ ਸਿੰਘ ਬਹਿਡਾਲੀ, ਸ਼੍ਰੀ ਅਜੈਬ ਸਿੰਘ ਮੁੰਡੀਆਂ, ਸ਼੍ਰੀ ਦਲਜੀਤ ਸਿੰਘ ਚਲਾਕੀ, ਸ਼੍ਰੀ ਬਲਦੇਵ ਸਿੰਘ ਦਮਹੇੜੀ, ਸ਼੍ਰੀ ਗੁਰਿੰਦਰ ਸਿੰਘ ਭੰਗੂ ਅਤੇ ਵੱਖ-ਵੱਖ ਕਿਸਾਨ ਜੱਥੇਬੰਦੀਆਂ ਦੇ ਆਗੂਆਂ ਨੇ ਹਿੱਸੇਦਾਰਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਇਸ ਬੈਠਕ ਵਿੱਚ ਇੱਕਤਰ ਹੋਏ ਹਿੱਸੇਦਾਰਾਂ ਵੱਲੋ ਮਿੱਲ ਦੀ ਪੜਤਾਲ ਸ਼ੁਦਾਂ ਬੈਲੰਸ ਸ਼ੀਟ ਅਤੇ ਨਫਾ-ਨੁਕਸਾਨ ਸਾਲ 2023-24 ਨੂੰ ਪ੍ਰਵਾਨਗੀ ਦਿੱਤੀ ਗਈ।

# ਜ਼ਿਲ੍ਹਾ ਮੈਜਿਸਟਰੇਟ ਵਲੋਂ ਸਰਪੰਚ, ਪੰਚ ਦੀਆਂ ਵੋਟਾਂ ਦੌਰਾਨ ਕਾਨੂੰਨ ਵਿਵਸਥਾ ਬਣਾਏ ਰੱਖਣ ਹਿੱਤ ਜਾਰੀ ਕੀਤੇ ਹੁਕਮ

**ਹੁਸ਼ਿਆਰਪੁਰ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਨਯੋਗ ਰਾਜ ਚੋਣ ਕਮਿਸ਼ਨ, ਪੰਜਾਬ ਵਲੋਂ ਜਾਰੀ ਹੁਕਮਾਂ ਅਨੁਸਾਰ ਸਰਪੰਚਾਂ ਅਤੇ ਪੰਚਾਂ ਦੀਆਂ ਚੋਣਾਂ 15 ਅਕਤੂਬਰ 2024 (ਮੰਗਲਵਾਰ) ਨੂੰ ਹੋਣਗੀਆਂ।

ਚੋਣਾਂ ਦੌਰਾਨ ਅਮਨ ਅਤੇ ਸ਼ਾਂਤੀ ਭੰਗ ਹੋਣ ਦੀ ਸੰਭਾਵਨਾ ਨੂੰ ਧਿਆਨ ਵਿਚ ਰੱਖਦੇ ਹੋਏ, ਜ਼ਿਲ੍ਹਾ ਪ੍ਰਸ਼ਾਸਨ ਵਲੋਂ ਜ਼ਰੂਰੀ ਕਦਮ ਉਠਾਏ ਗਏ ਹਨ।

ਇਸੇ ਕੜੀ ਵਿਚ ਜ਼ਿਲ੍ਹਾ ਮੈਜਿਸਟਰੇਟ ਹੁਸ਼ਿਆਰਪੁਰ ਕੋਮਲ ਮਿੱਤਲ ਨੇ ਭਾਰਤੀਯ ਨਾਗਰਿਕ ਸੁਰੱਖਿਆ ਸਹਿੰਤਾਂ ਦੀ ਧਾਰਾ 163 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੁਕਮ ਜਾਰੀ ਕਰਦੇ ਹੋਏ 15 ਅਕਤੂਬਰ 2024 ਨੂੰ ਪੈਣ ਵਾਲੀਆਂ ਸਰਪੰਚ ਅਤੇ ਪੰਚ ਦੀਆਂ ਵੋਟਾਂ ਦੌਰਾਨ ਸਾਰੇ ਵੋਟ ਕੇਂਦਰਾਂ ਦੇ 200 ਮੀਟਰ ਦੇ ਘੇਰੇ ਵਿਚ ਪੰਜ ਜਾਂ ਇਸ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ ’ਤੇ ਪੂਰਨ ਪਾਬੰਦੀ ਲਗਾਈ ਹੈ।

ਇਹ ਹੁਕਮ 15 ਅਕਤੂਬਰ 2024 ਦੇ ਦਿਨ ਲਾਗੂ ਰਹੇਗਾ।

# ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੇ ਦਿੱਤੀ ਜਾਣਕਾਰੀ

**ਫ਼ਤਹਿਗੜ੍ਹ ਸਾਹਿਬ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਚਾਇਤੀ ਚੋਣਾਂ ਲੜਨ ਵਾਲੇ ਉਮੀਦਵਾਰਾਂ ਦੀ ਸਹੂਲਤ ਲਈ ਨਾਮਜ਼ਦਗੀਆਂ ਭਰਨ ਵਾਸਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਥਾਵਾਂ ਨਿਰਧਾਰਤ ਕੀਤੀਆਂ ਗਈਆ ਹਨ ਤਾਂ ਜੋ ਉਹ ਸੁਵਿਧਾਜਨਕ ਢੰਗ ਨਾਲ ਨਾਮਜ਼ਦਗੀਆਂ ਦਾਖਲ ਕਰ ਸਕਣ।

ਬਲਾਕਾਂ ਵਿੱਚ ਕਲੱਸਟਰਾਂ ਮੁਤਾਬਕ ਨਿਰਧਾਰਤ ਥਾਵਾਂ ’ਤੇ ਆਰ.ਓ. ਟੀਮਾਂ ਬੈਠੀਆਂ ਹਨ, ਜਿੱਥੇ ਕਿ ਨਾਮਜ਼ਦਗੀ ਪੱਤਰ ਦਾਖਲ ਕੀਤੇ ਜਾ ਸਕਦੇ ਹਨ। ਨਾਮਜ਼ਦਗੀ ਦਾਖ਼ਲ ਕਰਨ ਦੇ ਪਹਿਲੇ ਦਿਨ ਕਿਸੇ ਵੀ ਉਮੀਦਵਾਰ ਨੇ ਕਾਗਜ਼ ਦਾਖਲ ਨਹੀਂ ਕੀਤੇ।

ਇਹ ਜਾਣਕਾਰੀ ਸਾਂਝੀ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸੁਰਿੰਦਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਬਲਾਕ ਖੇੜਾ ਸਬੰਧੀ ਚੁੰਨੀ ਪੰਜਾਬ ਕਾਲਜ ਦੀ ਥਾਂ ਯੂਨਿਵਰਸਿਟੀ ਕਾਲਜ, ਚੁੰਨੀ ਕਲਾਂ ਵਿੱਚ ਕਲਸਟਰ ਨੰਬਰ 01, 05, 06, 07 ਲਈ ਆਰ.ਓ. ਟੀਮ ਦੇ ਬੈਠਣ ਦਾ ਪ੍ਰਬੰਧ ਕੀਤਾ ਗਿਆ ਹੈ।

ਸਰਕਾਰੀ ਸੈਕੰਡਰੀ ਸਕੂਲ ਖੇੜਾ ਵਿੱਚ ਕਲਸਟਰ ਨੰਬਰ 02, 03, 04 ਅਤੇ 08 ਲਈ, ਸਰਕਾਰੀ ਸੈਕੰਡਰੀ ਸਕੂਲ, ਰੰਧਾਵਾ ਵਿਖੇ ਕਲਸਟਰ ਨੰਬਰ 09,10, 11 ਤੇ 12 ਲਈ ਆਰ.ਓ. ਟੀਮ ਦੇ ਬੈਠਣ ਦਾ ਪ੍ਰਬੰਧ ਕੀਤਾ ਹੈ।

# ਸ੍ਰੀ ਮੁਕਤਸਰ ਸਹਿਰ ਸੈਰ ਸਪਾਟੇ ਦੇ ਤੌਰ ਤੇ ਇੱਕ ਵਿਕਸਤ ਸ਼ਹਿਰ -- ਡਿਪਟੀ ਕਮਿਸ਼ਨਰ



**ਸ੍ਰੀ ਮੁਕਤਸਰ ਸਾਹਿਬ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹਾ ਪ੍ਰਸ਼ਾਸਨ ਵਲੋਂ ਅੱਜ ਵੱਖ-ਵੱਖ ਵਿਭਾਗਾਂ ਦੇ ਸਹਿਯੋਗ ਨਾਲ ਵਰਲਡ ਟੂਰਿਜ਼ਮ ਡੇਅ ਮੁਕਤੇ-ਮਿਨਾਰ ਸ੍ਰੀ ਮੁਕਤਸਰ ਸਾਹਿਬ ਵਿਖੇ ਆਯੋਜਿਤ ਕੀਤਾ ਗਿਆ, ਇਸ ਸਮਾਗਮ ਦੀ ਪ੍ਰਧਾਨਗੀ ਸ੍ਰੀ ਰਾਜੇਸ਼ ਤ੍ਰਿਪਾਠੀ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਨੇ ਕੀਤੀ।

ਇਸ ਮੌਕੇ ਤੇ ਡਿਪਟੀ ਕਮਿਸ਼ਨਰ ਨੇ ਸੰਬੋਧਿਤ ਹੁੰਦਿਆਂ ਕਿਹਾ ਕਿ ਸ੍ਰੀ ਮੁਕਤਸਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਚਰਨ ਛੋਹ ਪ੍ਰਾਪਤ ਧਰਤੀ ਇੱਕ ਪਵਿੱਤਰ ਅਤੇ ਧਾਰਮਿਕ ਧਰਤੀ ਹੈ, ਜਿੱਥੇ 40 ਮੁਕਤਿਆਂ ਨੇ ਆਪਣੀਆਂ ਸ਼ਹੀਦੀਆਂ ਦਿੱਤੀਆਂ ਹਨ, ਇਹ ਪਵਿੱਤਰ ਧਰਤੀ ਸੈਰ ਸਪਾਟੇ ਦੇ ਤੌਰ ਤੇ ਇੱਕ ਇਤਿਹਾਸਕ ਅਤੇ ਵਿਕਸਤ ਸ਼ਹਿਰ ਵੀ ਹੈ।ਉਹਨਾਂ ਕਿਹਾ ਕਿ 40 ਮੁਕਤਿਆਂ ਦੀ ਯਾਦ ਵਿੱਚ ਬਣੀ ਮੁਕਤੇ-ਮਿਨਾਰ ਨੂੰ ਸੈਰ ਸਪਾਟੇ ਦੇ ਤੌਰ ਤੇ ਵਿਕਸਤ ਕਰਨ ਲਈ ਕਿਸੇ ਵੀ ਪ੍ਰਕਾਰ ਦੀ ਕੋਈ ਕਮੀ ਨਹੀਂ ਛੱਡੀ ਜਾਵੇਗੀ ਅਤੇ ਇਸ ਤੋਂ ਇਲਾਵਾ ਵੱਖ-ਵੱਖ ਦਿਨਾਂ ਤੇ ਆਯੋਜਿਤ ਹੋਣ ਵਾਲੇ ਦਿਨ ਜਿ ?ਲ੍ਹਾ ਪ੍ਰਸ਼ਾਸਨ ਵਲੋਂ ਮੁਕਤੇ-ਮਿਨਾਰ ਵਿੱਚ ਆਯੋਜਿਤ ਕੀਤੇ ਜਾਇਆ ਕਰਨਗੇ।

ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਮੁਕਤੇ-ਮੀਨਾਰ ਦੀ ਸਾਫ ਸਫਾਈ ਵੱਲ ਉਚੇਚਾ ਧਿਆਨ ਰੱਖਿਆ ਜਾਵੇ ਤਾਂ ਜੋ ਇੱਥੇ ਸੈਰ ਕਰਨ ਆਏ ਵਿਅਕਤੀਆਂ ਨੂੰ ਕਿਸੇ ਵੀ ਪ੍ਰਕਾਰ ਦੀ ਕੋਈ ਪ੍ਰੇ ?ਸਾਨੀ ਪੇਸ਼ ਨਾ ਆਵੇ। ਇਸ ਮੌਕੇ ਤੇ ਉਹਨਾਂ ਸਵੱਛ ਭਾਰਤ ਮਿਸ਼ਨ ਤਹਿਤ ਅੱਜ ਇੱਕ ਵਾਰ ਫਿਰ ਤੋਂ ਡਿਪਟੀ ਕਮਿਸ਼ਨਰ ਦਫਤਰ ਤੋਂ ਸਫਾਈ ਅਭਿਆਨ ਦੀ ਵੀ ਸ਼ੁਰੂਆਤ ਕੀਤੀ । ਉਹਨਾਂ ਜਿ ?ਲ੍ਹੇ ਦੇ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਲਈ ਆਪਣੇ ਆਲੇ ਦੁਆਲੇ ਦੀ ਸਾਫ ਸਫਾਈ ਵੱਲ ਉਚੇਚਾ ਧਿਆਨ ਦਿੱਤਾ ਜਾਵੇ ।ਇਸ ਮੌਕੇ ਤੇ ਵੱਖ-ਵੱਖ ਸਕੂਲਾਂ ਦੇ ਬੱਚਿਆਂ ਵਲੋਂ ਸ਼ਬਦ ਗਾਇਨ ਮੁਕਾਬਲੇ ,ਲੇਖ ਮੁਕਾਬਲੇ, ਪੇਂਟਿੰਗ ਮੁਕਾਬਲੇ ਅਤੇ ਗਿੱਧੇ ਦੇ ਮੁਕਾਬਲੇ ਵੀ ਕਰਵਾਏ ਗਏ।

# ਵੱਖ ਵੱਖ ਨਿਹੰਗ ਜਥੇਬੰਦੀਆਂ, ਸਿੰਘ ਸਭਾਵਾਂ ਵੱਲੋਂ ਸਿੱਖ ਤਾਲਮੇਲ ਕਮੇਟੀ ਵੱਲੋਂ ਕੀਤੇ ਜਾ ਰਹੇ ਸਿੱਖੀ ਕਾਰਜਾਂ ਦੀ ਸ਼ਲਾਘਾ

**ਜਲੰਧਰ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲੰਧਰ ਸ਼ਹਿਰ ਦੀਆਂ ਵੱਖ-ਵੱਖ ਨਿਹੰਗ ਜਥੇਬੰਦੀਆਂ, ਸਿੰਘ ਸਭਾਵਾਂ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਦੀ ਇੱਕ ਸਾਂਝੀ ਤੇ ਭਰਵੀਂ ਮੀਟਿੰਗ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਜੀਤ ਨਗਰ ਵਿਖੇ ਹੋਈ ।ਜਿਸ ਵਿੱਚ ਸਮੁੱਚੀਆਂ ਜਥੇਬੰਦੀਆਂ ਵੱਲੋਂ ਜਲੰਧਰ ਦੀ ਸਿਰਮੋਰ ਸੰਸਥਾ ਸਿੱਖ ਤਾਲਮੇਲ ਕਮੇਟੀ ਵੱਲੋਂ ਪਿਛਲੇ 15 ਸਾਲਾਂ ਤੋਂ ਸਿੱਖ ਭਾਈਚਾਰੇ ਦੀ ਚੜਦੀ ਕਲਾ ਲਈ ਕੀਤੇ ਜਾ ਰਹੇ ਕਾਰਜਾਂ ਦੀ ਜੋਰਦਾਰ ਸ਼ਲਾਘਾ ਕੀਤੀ, ਅਤੇ ਕਿਹਾ ਅੱਜ ਤੋਂ 15 ਸਾਲ ਪਹਿਲਾਂ ਕਿਸੇ ਵੀ ਸਿੱਖ ਵੀਰ ਨਾਲ ਕੋਈ ਧੱਕਾ ਹੁੰਦਾ ਸੀ, ਤਾਂ ਉਹ ਥਾਣਿਆਂ ਦੇ ਵਿੱਚ ਧੱਕੇ ਖਾਂਦਾ ਰਹਿੰਦਾ ਸੀ। ਪਰ ਉਸ ਨੂੰ ਨਾ ਇਨਸਾਫ਼ ਮਿਲਦਾ ਸੀ ਤੇ ਨਾ ਹੀ ਉਸਦੀ ਕੋਈ ਸੁਣਵਾਈ ਹੁੰਦੀ ਸੀ ।ਪਰ ਜਦੋਂ ਤੋਂ ਸਿੱਖ ਤਾਲਮੇਲ ਕਮੇਟੀ ਹੋਂਦ ਵਿੱਚ ਆਈ ਹੈ ਤੇ ਇਸ ਸੰਸਥਾ ਵੱਲੋਂ ਸਿੱਖੀ ਕਾਰਜਾਂ ਲਈ ਕੰਮ ਕਰਨਾ ਸ਼ੁਰੂ ਕੀਤਾ ਹੈ । ਉਸ ਦਿਨ ਤੋਂ ਹੀ ਛੋਟੀ ਕੀਤਿਆਂ ਕਿਸੇ ਗੈਰ ਸਿੱਖ ਦੀ ਜੁਰਤ ਨਹੀਂ ,ਕੀ ਉਹ ਕਿਸੇ ਸਿੱਖ ਦੇ ਵੱਲ ਕੋਜੀ ਨਜ਼ਰ ਨਾਲ ਦੇਖ ਸਕੇ।ਅਸੀਂ ਸਮੁੱਚੀਆਂ ਜਥੇਬੰਦੀਆਂ



ਸਿੱਖ ਤਾਲਮੇਲ ਕਮੇਟੀ ਵੱਲੋਂ ਗੁਰਸਿੱਖੀ ਦੀ ਚੜ੍ਹਦੀ ਕਲਾ ਲਈ ਕੀਤੇ ਜਾ ਰਹੇ ਕਾਰਜਾਂ ਦਾ ਪੂਰਨ ਸਮਰਥਨ ਕਰਦੇ ਹਾਂ ਅਤੇ ਉਨਾਂ ਦਾ ਪੂਰਨ ਰੂਪ ਵਿੱਚ ਸਾਥ ਦੇਣ ਦਾ ਭਰੋਸਾ ਦਿੰਦੇ ਹਾਂ। ਮੀਟਿੰਗ ਵਿੱਚ ਸ਼ਾਮਿਲ ਜਥੇਬੰਦੀਆਂ ਵਿੱਚ ਕਮਲਜੀਤ ਸਿੰਘ ਟੋਨੀ (ਗੁਰਦੁਆਰਾ ਗੁਰੂ ਤੇਗ ਬਹਾਦਰ ਨਗਰ), ਰਜਿੰਦਰ ਸਿੰਘ ਮਿਗਲਾਨੀ (ਗੁਰਦੁਆਰਾ ਗੁਰਦੇਵ ਨਗਰ), ਹਰਚਰਨ ਸਿੰਘ ਟੱਕਰ (ਪ੍ਰਧਾਨ ਗੁਰਦੁਆਰਾ ਸੱਚਖੰਡ ਅਮਨ ਨਗਰ), ਜਗਮੋਹਨ ਸਿੰਘ ਕੋਹਲੀ,(ਪ੍ਰਧਾਨ ਗੁਰਦੁਆਰਾ ਨਿਰੰਕਾਰੀ ਜੋਤ), ਮਨਜੀਤ ਸਿੰਘ ਟੀਟੂ( ਪ੍ਰਧਾਨ ਗੁਰਦੁਆਰਾ ਚਰਨ ਕਵਲ ਬਸਤੀ ਸ਼ੇਖ), ਵਰਿੰਦਰ ਸਿੰਘ ਬਿੰਦਰਾ( ਜਨਰਲ ਸਕੱਤਰ ਗੁਰਦੁਆਰਾ ਬਾਜ਼ਾਰ ਸੇਖਾ ),ਨਰਿੰਦਰ ਸਿੰਘ (ਗੁਰਦੁਆਰਾ ਭਗਤ ਸਿੰਘ ਕਲੋਨੀ ),ਜਤਿੰਦਰ ਸਿੰਘ ਕੋਹਲੀ, ਬਲਜੀਤ ਸਿੰਘ ਸ਼ੰਟੀ, (ਗੁਰਦੁਆਰਾ ਮੁਹੱਲਾ ਕਰਾਰ ਖਾਂ) ਸਤਪਾਲ ਸਿੰਘ ਸਿਦਕੀ (ਪ੍ਰਧਾਨ ਭਾਈ ਘਨਈਆ ਜੀ ਸੇਵਕ ਦਲ) ਹਰਜੋਤ ਸਿੰਘ ਲੱਕੀ (ਪ੍ਰਧਾਨ ਗੁਰਦੁਆਰਾ ਅਜੀਤ ਨਗਰ) ਜਸਵੀਰ ਸਿੰਘ ਬੱਗਾ (ਪ੍ਰਧਾਨ ਸ਼ਹੀਦ ਭਗਤ ਸਿੰਘ ਕਲੱਬ), ਜਗਜੀਤ ਸਿੰਘ, ਪਰਮਪ੍ਰੀਤ ਸਿੰਘ ਵਿੱਟੀ (ਆਗਾਜ਼ ਐਨਜੀਓ ),ਸਵਿੰਦਰ ਸਿੰਘ ਤਰਮਾਲਾ( ਮੁੱਖ ਸੇਵਾਦਾਰ ਪ੍ਰਭ ਮਿਲਨੇ ਕਾ ਚਾਓ) ਜਸਵਿੰਦਰ ਸਿੰਘ ਸਾਹਨੀ( ਸਿੱਖ ਨੈਸ਼ਨਲ ਸੇਵਕ ਸੁਸਾਇਟੀ ਮਾਡਲ ਟਾਊਨ) ਕਵਲਜੀਤ ਸਿੰਘ ਨੂਰ( ਪ੍ਰਧਾਨ ਰਾਗੀ ਸਿੰਘ ਸਭਾ), ਗੁਰਦੁਆਰਾ ਗੁਰੂ ਅਮਰਦਾਸ ਏਕਤਾ ਨਗਰ ਤੋਂ ਅਮਨਦੀਪ ਸਿੰਘ ਬੱਗਾ, ਹਰਬੰਸ ਸਿੰਘ ਸੈਣੀ, ਜਰਨੈਲ ਸਿੰਘ ਸੈਣੀ , ਜੱਟ ਸਿੱਖ ਐਸੋਸੀਏਸ਼ਨ ਵੱਲੋਂ ਭੁਪਿੰਦਰ ਸਿੰਘ ਬੜਿੰਗ, ਹਰਪ੍ਰੀਤ ਸਿੰਘ ਬਾਜਵਾ, ਮੇਹਰਬਾਨ ਸਿੰਘ ਸੰਘਾ ,ਵਕੀਲ ਭਾਈਚਾਰੇ ਵੱਲੋਂ ਮਨਵੀਰ ਸਿੰਘ ਅਤੇ ਜੇਪੀ ਸਿੰਘ, ਸ਼ੈਰੀ ਚੱਡਾ ਕੌਂਸਲਰ ,ਰਣਜੀਤ ਸਿੰਘ ਗੋਲਡੀ, ਅਮਰਜੀਤ ਸਿੰਘ ਮੰਗਾ, ਮਿਸ਼ਨ ਸ਼ਹੀਦ ਤਰਨਾ ਦਲ ਤੋਂ ਰਾਜਵੀਰ ਸਿੰਘ ,ਸ਼ਮਸ਼ੇਰ ਸਿੰਘ ,ਬੂਟਾ ਸਿੰਘ, ਬਾਬਾ ਬਲਵਿੰਦਰ ਸਿੰਘ, ਬਾਬਾ ਮਿੱਠੂ ਅਕਾਲੀ, ਬਾਬਾ ਫੂਲਾ ਸਿੰਘ, ਬਾਬਾ ਬਚਨ ਸਿੰਘ ਮਿੱਠੂ ਚਕਰਵਰਤੀ, ਗੁਰਵਿੰਦਰ ਸਿੰਘ ,ਹਰਜੀਤ ਸਿੰਘ, ਬਾਬਾ ਹਰਜੀਤ ਸਿੰਘ ਕਾਲੜਾ, ਪ੍ਰਧਾਨ ਆੜਤੀ ਐਸੋਸੀਏਸ਼ਨ ਇਸ ਮੌਕੇ ਤੇ ਸਿੱਖ ਤਾਲਮੇਲ ਕਮੇਟੀ ਦੇ ਆਗੂਆਂ ਤਜਿੰਦਰ ਸਿੰਘ ਪਰਦੇਸੀ, ਹਰਪਾਲ ਸਿੰਘ ਚੱਡਾ ਨੇ ਯਕੀਨ ਦਵਾਇਆ ਕੋਈ ਸਾਨੂੰ ਜਿੰਨੀਆਂ ਵੀ ਗਾਲਾਂ ਕੱਢ ਲਵੇ ਅਸੀਂ ਜਲੰਧਰ ਵਿੱਚ ਕਿਸੇ ਵੀ ਸਿੱਖ ਨਾਲ ਨਾ ਪਹਿਲਾਂ ਧੱਕਾ ਹੋਣ ਦਿੱਤਾ ਸੀ ਤੇ ਨਾ ਅੱਗੋਂ ਹੋਣ ਦੇਣਾ ਹੈ ।ਇਸ ਮੌਕੇ ਵਿੱਕੀ ਸਿੰਘ ਖਾਲਸਾ ਤਜਿੰਦਰ ਸਿੰਘ ਸੰਤ ਨਗਰ ਸੰਨੀ ਸਿੰਘ ਉਬਰਾਏ ਪਰਮਿੰਦਰ ਸਿੰਘ ਪਿੰਕਾ , ਗੁਰਦੀਪ ਸਿੰਘ (ਕਾਲੀਆ ਕਾਲੋਨੀ),ਗੁਰਵਿੰਦਰ ਸਿੰਘ ਸਿੱਧੂ , ਹਰਪਾਲ ਸਿੰਘ (ਪਾਲੀ ਚੱਡਾ) ,ਗੁਰਵਿੰਦਰ ਸਿੰਘ ਨਾਗੀ, ਹਰਪ੍ਰੀਤ ਸਿੰਘ ਰੋਬਿਨ, ਅਰਵਿੰਦਰ ਸਿੰਘ ਬਬਲੂ, ਪ੍ਰਭਜੋਤ ਸਿੰਘ, ਲਖਬੀਰ ਸਿੰਘ ਲੱਕੀ, ਹਰਪ੍ਰੀਤ ਸਿੰਘ ਸੋਨੂ , ਪਲਵਿੰਦਰ ਆਦੀ ਹਾਜ਼ਰ ਸਨ।

# ਵਿੱਤੀ ਸਾਲ 2025 ਦੀ ਪਹਿਲੀ ਬ੍ਰਿਟੇਨ ਵਿੱਚ 99.3% ਕੇ ਕਲੇਮ ਸੈੱਟਲਮੈਂਟ ਰੇਸ਼ਿਓ ਦੇ ਨਾਲ ਆਈਸੀਆਈਸੀਆਈ ਪ੍ਰੂਡੈਂਸ਼ੀਅਲ ਲਾਈਫ ਸਭ ਤੋਂ ਅੱਗੇ

**ਲੁਧਿਆਣਾ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਈਸੀਆਈਸੀਆਈ ਪ੍ਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ ਵਿੱਤੀ ਸਾਲ 2025 ਦੇ ਪਹਿਲੇ ਵਿਕਾਸ ਲਈ 99.35% ਦਾ ਕਲੇਮ ਸੈੱਟਲਮੈਂਟ ਰੈਸ਼ਿਓ ਪ੍ਰਾਪਤ ਕੀਤਾ, ਜੋ ਦੇਸ਼ ਦੀ ਆਲਫ ਲਾਈਫ ਵਿੱਚ ਸਭ ਤੋਂ ਵੱਧ ਇੰਸ਼ੋਰੈਂਸ ਕੰਪਨੀਆਂ ਵੱਧ ਹੈ। ਧਿਆਨ ਦੇਣ ਯੋਗ ਗੱਲ ਹੈ ਕਿ ਕੰਪਨੀ ਦੇ ਪਾਸ ਕਲੇਮ ਸੈੱਟਲ ਲਈ ਸਿਰਫ਼ 1.2 ਦਿਨ ਦਾ ਔਸਤ ਸਮਾਂ ਸੀ।

ਨਾਲ ਹੀ, ਇਸ ਮਿਆਦ ਦੇ ਦੌਰਾਨ ਡੇਥ ਕਲੇਮਸ ਲਈ ਕੰਪਨੀ ਕੁਲ 381.24 ਕਰੋੜ ਰੁਪਏ ਦਾ ਭੁਗਤਾਨ ਕਰਨ ਵਿੱਚ ਸਫਲ ਰਹੀ। ਆਈਸੀਆਈਸੀਆਈ ਪ੍ਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ ਦੇ ਗਾਹਕ ਸੇਵਾ ਦੇ ਮੁੱਖ ਸੰਚਾਲਨ ਅਧਿਕਾਰੀ ਸ਼੍ਰੀ ਅਮੀਸ਼ ਬੈਂਕਰ ਨੇ ਕਿਹਾ, ਇੱਕ ਕਮਾਈ ਕਰਨ ਵਾਲੇ ਮੈਂਬਰ ਦੀ ਮੌਤ ਦੀ ਸਥਿਤੀ ਵਿੱਚ ਜੀਵਨ ਬੀਮਾ ਪਰਿਵਾਰ ਨੂੰ ਵਿੱਤੀ ਸੁਰੱਖਿਆ ਪ੍ਰਦਾਨ ਕਰਦਾ ਹੈ, ਇਸਲਈ, ਅਸੀਂ ਹਰ ਦਾਅਵੇ ਨੂੰ ਧਿਆਨ ਅਤੇ ਗਤੀ ਨਾਲ ਸੰਭਾਲਦੇ ਹਾਂ। ਵਿੱਤੀ ਸਾਲ 2025 ਦੇ ਪਹਿਲੇ ਸਥਾਨ ’ਤੇ, ਸਾਡਾ ਨਿੰਜੀ ਡੇਥ ਕ ?ਲੇਮ ਸੈੱਟਲਮੈਂਟ ਰੇਸ਼ਿਓ 99.35%, ਅਤੇ ਬਿਨਾਂ ਜਾਂਚ ਡੇਥ ਕ ?ਲੇਮਜ਼ ਨੂੰ ਸੈੱਟ ਕਰਨ ’ਚ ਸਾਨੂੰ ਸਿਰਫ਼ 1.2 ਦਿਨ ਦਾ ਔਸਤ ਸਮਾਂ ਲਗਿਆ ਸਾਡਾ ਮੰਨਣਾ ਹੈ ਕਿ ਸਾਡਾ ਦਾਅਵਾ ਨਿਪਟਾਰਾ ਅਨੁਪਾਤ ਉਦਯੋਗ ਵਿੱਚ ਸਭ ਤੋਂ ਵਧੀਆ ਹੈ ਇਸ ਮਿਆਦ ਦੇ ਦੌਰਾਨ, ਅਸੀਂ 381. ਉਦਾਹਰਨ ਲਈ, ਵਿੱਤੀ ਸਾਲ 2024 ਦੀ ਪਹਿਲੀ ਉਤਪਤੀ ਵਿੱਚ ਸਾਡੇ ਕਲੇਮ ਸੈੱਟਲਮੈਂਟ ਰੈਸ਼ਿਓ 97.94% ਸੀ, ਵਿੱਤੀ ਸਾਲ 2024 ਦੀ ਦੂਜੀ ਸਥਿਤੀ ਵਿੱਚ ਇਹ 98.14% ਸੀ, ਵਿੱਤੀ ਸਾਲ 2024 ਦੀ ਸਾਲ ਤੀਸਰੀ ਰੈਸਟੋਰੈਂਟ ਵਿੱਚ ਇਹ 98.52% ਤੱਕ ਪਹੁੰਚ ਕੀਤੀ ਗਈ ਹੈ ਅਤੇ ਸਾਰਾ ਸਾਲ 2024 ਦਾ ਸਾਰਾ ਧਨ ਹੈ। ਇਸ ਲਈ ਇਹ 99.17% ਸੀ। ਸਾਡੇ ’ਕਲੇਮ ਲਈ ਸ਼ੋਰ’ ਸਰਵਿਸ ਪਹਿਲ ਸਾਰੇ ਜ਼ਰੂਰੀ ਦਸਤਾਵੇਜ਼ ਪ੍ਰਾਪਤ ਹੋਣ ਦੇ ਲਈ ਇਹ ਇੱਕ ਦਿਨ ਦੇ ਅੰਦਰ ਹੀ ਸਾਰੇ ਸਹੀ ਡੇਥ ਕਲੇਮਜ਼ ਸੈੱਟਲ ਕਰਨ ਦਾ ਵਦਾ ਕਰਦਾ ਹੈ।

ਵਿੱਤੀ ਸਾਲ 2025 ਦੀ ਪਹਿਲੀ ਸ਼ੁਰੂਆਤ ਵਿੱਚ, ਅਸੀਂ ਇਸ ਪਹਲ ਦੇ ਤਹਿਤ 68.74 ਕਰੋੜ ਰੁਪਏ ਦੇ ਕਲੇਮਜ਼ ਸੈੱਟਲ ਬਣਾਏ ਹਨ। ਸਾਡੇ ਟੈਕਨਾਲੋਜੀ ਸੌਲਿਊਸ਼ੰਸ ਤੋਂ ਕਲੇਮ ਦੀ ਪ੍ਰਕਿਰਿਆ ’ਚ ਲਗਨ ਵਾਲਾ ਸਮਾਂ ਬਹੁਤ ਘੱਟ ਹੋ ਗਿਆ ਹੈ। ਵਟਸਐਪ, ਕੰਪਨੀ ਦੀ ਮੋਬਾਈਲ ਐਪ ਅਤੇ ਸਾਡੀ ਵੈੱਬਸਾਈਟ ਵਰਗੇ ਵਿਕਲਪ ਕਲੇਮਸ ਦਰਜ ਕਰਨ ਅਤੇ ਟਰੈਕ ਕਰਨ ਲਈ ਆਦਰਸ਼ ਹਨ। ਲਾਈਫ ਇੰਸ਼ਯੋਰੇਂਸ ਇੱਕ ਵਦਾ ਹੈ, ਜੋ ਅਸੀਂ ਆਪਣੇ ਪਾਲਸੀਧਾਰਕਾਂ ਤੋਂ ਕਰਦੇ ਹਨ। ਅਸੀਂ ਇਹ ਯਕੀਨੀ ਬਣਾਉਂਦੇ ਹਾਂ ਕਿ ਉਨ੍ਹਾਂ ਦੇ ਪਰਿਵਾਰ ਵਿੱਚ ਉਨ੍ਹਾਂ ਦੇ ਪਰਿਵਾਰ ਦੀ ਵਿੱਤੀ ਸੁਰੱਖਿਆ ਮਿਲਦੀ ਹੈ।

# ਜੱਜ ਨੂੰ ਹੀ ਇਨਸਾਫ ਲਈ ਲੜਣੀ ਪਈ ਲੰਮੀ ਕਾਨੂੰਨੀ ਜੰਗ

**ਏਜੰਸੀਆਂ**

ਚੰਡੀਗੜ੍ਹ 1 ਅਕਤੂਬਰ। ਪੰਜਾਬ ਸੁਪੀਰੀਅਰ ਜੁਡੀਸ਼ੀਅਲ ਸਰਵਿਸ ਦੇ ਜੱਜ ਨੂੰ ਲਾਜਮੀ ਸੇਵਾਮੁਕਤੀ ਦੇ ਹੁਕਮ ਖਾਰਿਜ ਕੀਤੇ ਜਾਣ ਤੋਂ 5 ਸਾਲ ਬਾਅਦ ਇਨਸਾਫ ਮਿਲਿਆ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਦੇਰੀ ਨਾਲ ਪੈਨਸ਼ਨ ਲਾਭ ਜਾਰੀ ਕਰਨ ‘ਤੇ ਪੰਜਾਬ ਸਰਕਾਰ ਨੂੰ 9 ਫੀਸਦੀ ਵਿਆਜ ਦਾ



ਭੁਗਤਾਨ ਕਰਨ ਦੇ ਹੁਕਮ ਦਿੱਤੇ ਹਨ। ਜਸਟਿਸ ਸੁਰੇਸ਼ਵਰ ਠਾਕੁਰ ਤੇ ਜਸਟਿਸ ਸੁਦੀਪਤੀ ਸ਼ਰਮਾ ਦੀ ਬੈਂਚ ਨੇ ਫੈਸਲਾ ਦਿੰਦਿਆਂ ਕਿਹਾ ਕਿ ਇਸ ਪੂਰੇ ਮਾਮਲੇ ਵਿਚ ਪਟੀਸ਼ਨਰ ਦੇ ਪੱਧਰ ‘ਤੇ ਕੋਈ ਕੋਤਾਹੀ ਨਹੀਂ ਹੈ। ਅਜਿਹੇ ਵਿਚ ਉਹ ਵਿਆਜ ਲੈਣ ਦਾ ਹੱਕਦਾਰ ਹੈ। ਪੰਜਾਬ ਸਰਕਾਰ ਦੇ ਵਿੱਤ ਵਿਭਾਗ ਤੇ ਗ੍ਰਹਿ ਅਤੇ ਨਿਆਂ ਵਿਭਾਗ ਦੇ ਪੱਧਰ ‘ਤੇ ਲਾਪਰਵਾਹੀ ਨਾਲ ਭੁਗਤਾਨ ਵਿਚ ਦੇਰੀ ਹੋਈ। ਪੰਜਾਬ ਸਿਵਲ ਸਰਵਿਸਿਜ ਨਿਯਮਾਂ ਮੁਤਾਬਕ ਸੇਵਾਮੁਕਤ ਹੋਣ ਦੇ 3 ਮਹੀਨੇ ਅੰਦਰ ਗ੍ਰੈਚੁਟੀ ਦਾ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ। ਇਸ ਵਿਚ ਦੇਰੀ ‘ਤੇ ਮੁਲਾਜਮ ਵਿਆਜ ਲੈਣ ਦਾ ਹੱਕਦਾਰ ਹੈ। ਸੁਪਰੀਮ ਕੋਰਟ ਵਿਚ ਪੰਜਾਬ ਸਰਕਾਰ ਦੀ ਅਪੀਲ ਖਾਰਜ ਹੋਣ ਤੋਂ ਬਾਅਦ ਪੰਜਾਬ ਸਰਕਾਰ ਨੂੰ ਪੈਨਸ਼ਨ ਲਾਭ ਜਾਰੀ ਕਰਨਾ ਚਾਹੀਦਾ ਸੀ, ਪਰ ਅਜਿਹਾ ਨਹੀਂ ਕੀਤਾ ਗਿਆ। ਸੇਵਾਮੁਕਤ ਜੁਡੀਸ਼ੀਅਲ ਅਫਸਰ ਨਾਗਿੰਦਰਜੀਤ ਸਿੰਘ ਨੇ ਪਟੀਸ਼ਨ ਦਾਇਰ ਕਰ ਕੇ ਕਿਹਾ ਕਿ ਪੰਜਾਬ ਸਿਵਲ ਸਰਵਿਸਿਜ (ਜੂਡੀਸ਼ੀਅਲ ਬ੍ਰਾਂਚ) ‘ਚ ਉਨ੍ਹਾਂ ਨੂੰ 1983 ਵਿਚ ਨਿਯੁਕਤੀ ਮਿਲੀ। 1999 ਵਿਚ ਪੰਜਾਬ ਸੁਪੀਰੀਅਰ ਜੁਡੀਸ਼ੀਅਲ ਸਰਵਿਸਿਜ ਵਿਚ ਤਰੱਕੀ ਮਿਲੀ। 8 ਜੂਨ 2006 ਨੂੰ ਉਨ੍ਹਾਂ ਨੂੰ ਉਨ੍ਹਾਂ ਨੂੰ ਲਾਜਮੀ ਸੇਵਾਮੁਕਤ ਕਰ ਦਿੱਤਾ ਗਿਆ। ਇਸ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਗਈ। ਹਾਈ ਕੋਰਟ ਨੇ 8 ਅਗਸਤ 2018 ਨੂੰ ਪਟੀਸ਼ਨ ਮਨਜੂਰ ਕਰ ਲਈ। ਪੰਜਾਬ ਸਰਕਾਰ ਨੇ ਇਸ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ। ਸੁਪਰੀਮ ਕੋਰਟ ਨੇ 7 ਮਈ 2019 ਨੂੰ ਸਰਕਾਰ ਦੀ ਅਪੀਲ ਖਾਰਿਜ ਕਰ ਦਿੱਤੀ। ਪੰਜਾਬ ਤੇ ਹਰਿਆਣਾ ਹਾਈਕੋਰਟ ਦੀ ਫੁਲਕੋਰਟ ਨੇ 26 ਜੁਲਾਈ 2019 ਲਾਜਮੀ ਸੇਵਾਮੁਕਤੀ ਦਾ ਫੈਸਲਾ ਵਾਪਸ ਲੈ ਲਿਆ ਤੇ 8 ਜੂਨ 2006 ਤੋਂ ਸੇਵਾ ਬਹਾਲ ਕਰਨ ਕਰਨਦਾ ਹੁਕਮ ਦਿੱਤਾ। ਫੈਸਲੇ ਵਿਚ ਕਿਹਾ ਗਿਆ ਕਿ ਲਾਜਮੀ ਸੇਵਾਮੁਕਤੀ ਦੀ ਤਾਰੀਖ ਤੋਂ ਪਟੀਸ਼ਨਰ ਨੂੰ ਸੇਵਾਮੁਕਤੀ ਦੀ ਤਾਰੀਖ 31 ਮਈ 2017 ਤਕ ਤਨਖਾਹ ਦਾ 50 ਫੀਸਦੀ ਭੁਗਤਾਨ ਕੀਤਾ ਜਾਵੇ। ਨਾਲ ਹੀ ਪੂਰੇ ਪੈਨਸ਼ਨ ਲਾਭ ਦਿੱਤੇ ਜਾਣ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਫੁੱਲ ਕੋਰਟ ਦੇ ਹੁਕਮ ਦੇ ਬਾਵਜੂਦ ਪੈਨਸ਼ਨ ਲਾਭ ਵਿਚ ਦੇਰੀ ਕੀਤੀ ਗਈ।

# ਖਨੌਰੀ ਬਾਰਡਰ ਉੱਪਰ ਸ਼ਹੀਦ ਹੋਏ ਗੁਰਮੀਤ ਸਿੰਘ ਦਾ ਇਨਸਾਫ ਮਿਲਣ ਤੱਕ ਨਹੀਂ ਕੀਤਾ ਜਾਵੇਗਾ ਸਸਕਾਰ

**ਸਰਦੂਲ ਸਿੰਘ**

ਜੈਤੋ 1 ਅਕਤੂਬਰ। ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵੱਲੋਂ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਆਬਾਦਕਾਰ ਕਿਸਾਨਾਂ ਦੀਆਂ ਹੱਕੀ ਮੰਗਾਂ ਲਈ ਰੋਡ ਜਾਮ ਕੀਤੇ ਗਏ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਅਤੇ ਸੂਬਾ ਜਨਰਲ ਸਕੱਤਰ ਕਾਕਾ ਸਿੰਘ ਕੋਟੜਾ ਨੇ ਕਿਹਾ ਕਿ ਦੇਸ ਦੀ ਆਜਾਦੀ ਤੋਂ ਬਾਅਦ ਤਾਰੋਂ ਪਾਰਲੀਆਂ ਜਮੀਨਾਂ ਨੂੰ ਆਬਾਦ ਕਰਨ ਵਾਲੇ ਕਿਸਾਨਾਂ ਵੱਲੋਂ ਆਪਣੀਆਂ ਹੱਕੀ ਮੰਗਾਂ ਲਈ ਪਿਛਲੇ ਲੰਮੇ ਸਮੇਂ ਤੋਂ ਅੰਦੋਲਨ ਲੜਿਆ ਜਾ ਰਿਹਾ ਹੈ ਅਤੇ 18 ਮਈ 2022 ਤੋਂ ਲੈ ਕੇ ਹੁਣ ਤੱਕ ਵੱਖ-ਵੱਖ ਸਮੇਂ ਪੰਜਾਬ ਸਰਕਾਰ ਵੱਲੋਂ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਕ ਭਾਰਤ ਨਾਲ ਹੋਈਆਂ ਮੀਟਿੰਗਾ ਵਿਚ ਇਹ ਮੰਗਾਂ ਮੰਨਣ ਉਪਰੰਤ ਮੁੱਖ ਮੰਤਰੀ ਪੰਜਾਬ ਅਤੇ ਕੈਬਨਿਟ ਮੰਤਰੀਆਂ ਵੱਲੋਂ ਬਾਹਰ ਆ ਕੇ ਮੀਡੀਆ ਵਿਚ ਮੰਗਾਂ ਮੰਨਣ ਸਬੰਧੀ ਬਿਆਨ ਵੀ ਦਿੱਤੇ ਜਾ ਚੁੱਕੇ ਹਨ ਪ੍ਰੰਤੂ ਕਿਸਾਨਾਂ ਨੂੰ ਉਨ੍ਹਾਂ ਦੇ ਹੱਕ ਦੇਣ ਦੀ ਬਜਾਏ ਸਰਕਾਰ ਵੱਲੋਂ ਹੁਣ ਵਾਅਦਾ ਖਿਲਾਫੀ ਕਰਦੇ ਹੋਏ ਕਿਸਾਨਾਂ ਤੋਂ ਜਮੀਨਾਂ ਖੋਹ ਕੇ ਆਪਣੇ ਚਹੇਤਿਆਂ ਨੂੰ ਦੇਣ ਦੀਆਂ ਹੀ ਸਾਜ਼ਿਸਾਂ ਰਚੀਆਂ ਜਾ ਰਹੀਆਂ ਹਨ। ਕਿਸਾਨ ਆਗੂਆਂ ਨੇ ਅੱਗੇ ਗੱਲਬਾਤ ਕਰਦਿਆਂ ਕਿਹਾ ਕਿ ਸਰਕਾਰਾਂ ਦੀ ਬੇਰੁਖੀ ਅਤੇ ਲੋਕ ਮਾਰੂ ਨੀਤੀਆਂ ਹੀ ਅੰਦੋਲਨਕਾਰੀਆਂ ਨੂੰ ਸੜਕਾਂ ਉੱਪਰ ਆਉਣ ਲਈ ਮਜਬੂਰ ਕਰਦੀਆਂ ਹਨ। ਸਰਕਾਰ ਵੱਲੋਂ ਆਬਾਦਕਾਰ ਕਿਸਾਨਾਂ ਨੂੰ ਉਨ੍ਹਾਂ ਦੇ ਹੱਕ ਦੇਣ ਦੀ ਬਜਾਏ ਕਿਸਾਨਾਂ ਤੋਂ ਜਮੀਨਾਂ ਖੋਹਣ ਲਈ ਸਾਜ਼ਿਸਾਂ ਰਚੀਆਂ ਜਾ ਰਹੀਆਂ ਹਨ ਅਤੇ ਕਿਸਾਨਾਂ ਨੂੰ ਸੜਕਾਂ ਉੱਪਰ ਆਉਣ ਲਈ ਸਰਕਾਰ ਵੱਲੋਂ ਹੀ ਮਜਬੂਰ



ਕੀਤਾ ਗਿਆ ਹੈ। ਉਨ੍ਹਾਂ ਅੱਗੇ ਗੱਲਬਾਤ ਕਰਦੇ ਹੋਏ ਦੱਸਿਆ ਕਿ ਆਪਣੀਆਂ ਹੱਕੀ ਮੰਗਾਂ ਲਈ ਫਿਰੋਜਪੁਰ ਵਿਖੇ ਇਕ ਕਿਸਾਨ ਨੂੰ ਮਰਨ ਵਰਤ ਉੱਪਰ ਬੈਠੇ ਨੂੰ ਵੀ 36 ਦਿਨ ਹੋ ਚੁੱਕੇ ਹਨ ਅਤੇ ਸਰਕਾਰ ਕਿਸਾਨਾਂ ਦੀਆਂ ਮੰਗਾਂ ਵੱਲ ਧਿਆਨ ਦੇਣ ਦੀ ਬਜਾਏ ਉਸ ਕਿਸਾਨ ਦੀ ਮੌਤ ਹੋਣ ਦੀ ਹੀ ਉਡੀਕ ਕਰ ਰਹੀ ਹੈ। ਸਰਕਾਰ ਦੀ ਇਸ ਬੇਰੁਖੀ ਕਾਰਨ ਹੀ 26 ਸਤੰਬਰ ਨੂੰ ਅੰਦੋਲਨ ਨੂੰ ਹੋਰ ਤੇਜ ਕਰਦੇ ਹੋਏ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ 12 ਵਜੇ ਤੋਂ ਰੋਡ ਜਾਮ ਕੀਤੇ ਗਏ ਸਨ। ਖਬਰ ਲਿਖੇ ਜਾਣ ਤੱਕ ਕਿਸਾਨਾਂ ਅਤੇ ਪ੍ਰਸਾਸਨ ਵਿਚਾਲੇ ਮੀਟਿੰਗਾਂ ਦਾ ਦੌਰ ਉਸੇ ਤਰ੍ਹਾਂ ਜਾਰੀ ਸੀ ਅਤੇ ਕਿਸਾਨਾਂ ਵੱਲੋਂ ਆਮ ਲੋਕਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਰੇ ਪੰਜਾਬ ਵਿਚੋਂ ਰੋਡ ਜਾਮ ਪ੍ਰਸਾਸਨ ਨੂੰ 10 ਦਿਨ ਦੀ ਚੇਤਾਵਨੀ ਦੇ ਕੇ ਖੋਲ੍ਹ ਦਿੱਤਾ ਗਿਆ ਅਤੇ ਲੰਮੇਂ ਸਮੇਂ ਤੋਂ ਫ਼ਿਰੋਜਪੁਰ ਵਿਖੇ ਚੱਲ ਰਿਹਾ ਮੋਰਚਾ ਉਸੇ ਤਰ੍ਹਾਂ ਜਾਰੀ ਰਹੇਗਾ। ਜੇਕਰ ਦਸ ਦਿਨ ਵਿਚ ਪ੍ਰਸਾਸਨ ਵੱਲੋਂ ਆਬਾਦਕਾਰ ਕਿਸਾਨਾਂ ਦੀਆਂ ਮੰਨੀਆਂ ਹੋਈਆਂ ਹੱਕੀ ਮੰਗਾਂ ਨੂੰ ਲਾਗੂ ਨਹੀ ਕੀਤਾ ਗਿਆ ਤਾਂ ਇਸ ਸਮੇਂ ਦੌਰਾਨ ਮੀਟਿੰਗ ਕਰਕੇ ਸਾਰੇ ਪੰਜਾਬ ਵਿਚ ਇਸ ਤੋਂ ਵੀ ਸਖਤ ਪ੍ਰੋਗਰਾਮ ਦਿੱਤਾ ਜਾਵੇਗਾ। ਜਗਜੀਤ ਸਿੰਘ ਡੱਲੇਵਾਲ ਅਤੇ ਕਾਕਾ ਸਿੰਘ ਕੋਟੜਾ ਨੇ ਅੱਗੇ ਗੱਲਬਾਤ ਕਰਦਿਆਂ ਦੱਸਿਆ ਕਿ ਗੁਰਮੀਤ ਸਿੰਘ ਜਿਸ ਵੱਲੋਂ ਭਾਜਪਾ ਦੇ ਆਗੂਆਂ ਦੇ ਬਿਆਨਾਂ ਤੋਂ ਮਾਨਸਿਕ ਤੌਰ ‘ਤੇ ਪਰੇਸਾਨ ਹੋ ਕੇ ਖਨੌਰੀ ਬਾਰਡਰ ਵਿਖੇ 25 ਸਤੰਬਰ ਨੂੰ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਗਈ ਸੀ, ਸਹੀਦ ਦੇ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਅਤੇ ਪਰਿਵਾਰ ਨੂੰ ਆਰਥਿਕ ਮੱਦਦ ਅਤੇ ਸਰਕਾਰੀ ਨੌਕਰੀ ਸਬੰਧੀ ਪ੍ਰਸਾਸਨ ਨਾਲ ਮੀਟਿੰਗਾਂ ਦਾ ਦੌਰ ਚੱਲਦਾ ਰਿਹਾ ਜੋ ਕਿ ਅੱਜ ਬੇਸਿੱਟਾ ਰਿਹਾ। ਗੁਰਮੀਤ ਸਿੰਘ ਦੇ ਪਰਿਵਾਰ ਅਤੇ ਮੋਰਚੇ ਦਾ ਇਹ ਸਪਸਟ ਸਟੈਂਡ ਹੈ ਕਿ ਜਦੋਂ ਤੱਕ ਸਹੀਦ ਦੇ ਪਰਿਵਾਰ ਨੂੰ ਇਨਸਾਫ ਨਹੀਂ ਮਿਲਦਾ ਉਸ ਸਮੇਂ ਤੱਕ ਪਰਿਵਾਰ ਵੱਲੋਂ ਗੁਰਮੀਤ ਸਿੰਘ ਦਾ ਸੰਸਕਾਰ ਨਹੀਂ ਕੀਤਾ ਜਾਵੇਗਾ।

## ਐਕਸ਼ਨ ਮੋਡ ਵਿਚ ਪੰਜਾਬ ਦਾ ਬਿਜਲੀ ਵਿਭਾਗ, ਹੁਣ ਵੱਡੇ ਪੱਧਰ ‘ਤੇ ਸ਼ੁਰੂ ਹੋਈ ਕਾਰਵਾਈ

ਗੁਰੂਹਰਸਹਾਏ 1 ਅਕਤੂਬਰ। ਪੰਜਾਬ ਦੇ ਬਿਜਲੀ ਵਿਭਾਗ ਨੇ ਐਕਸ਼ਨ ਮੋਡ ਵਿਚ ਆਉਂਦਿਆਂ ਬਿਜਲੀ ਚੋਰੀ ਕਰਨ ਵਾਲਿਆਂ ਖ਼ਿਲਾਫ ਵੱਡੇ ਪੱਧਰ ‘ਤੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਿਸ ਦੇ ਚੱਲਦੇ ਤੜਕਸਾਰ ਸਵੇਰੇ 6 ਵਜੇ ਦੇ ਕਰੀਬ ਬਿਜਲੀ ਵਿਭਾਗ ਗੁਰੂਹਰਸਹਾਏ ਦੇ ਕਰਮਚਾਰੀਆ ਵੱਲੋਂ ਐਕਸੀਅਨ ਇੰਜੀ. ਜਸਵੰਤ ਸਿੰਘ ਜਲਾਲਾਬਾਦ ਦੀ ਅਗਵਾਈ ਹੇਠ ਵੱਖ-ਵੱਖ ਟੀਮਾਂ ਬਣਾਈਆਂ ਗਈਆ। ਐੱਸ. ਡੀ. ਓ. ਸਿਟੀ ਜਸਵਿੰਦਰ ਸਿੰਘ ਗੁਰੂਹਰਸਹਾਏ, ਐੱਸ. ਡੀ. ਓ. ਵਿਪਨ ਕੁਮਾਰ ਸਵਰਬਨ ਗੁਰੂਹਰਸਹਾਏ, ਸਵਰਨ ਸਿੰਘ ਐੱਸ. ਡੀ. ਓ. ਘੁਬਾਇਆ, ਐੱਸ. ਡੀ. ਓ. ਨਵਜੋਤ ਸਿੰਘ ਸਵਰਬਨ ਜਲਾਲਾਬਾਦ, ਸੰਦੀਪ ਕੁਮਾਰ ਸਿਟੀ ਐੱਸ. ਡੀ. ਓ. ਜਲਾਲਾਬਾਦ ਵੱਲੋਂ ਵੱਡੀ ਕਾਰਵਾਈ ਕਰਦਿਆਂ ਗੁਰੂਹਰਸਹਾਏ ਦੀਆਂ ਵੱਖ-ਵੱਖ ਗਲੀਆ-ਮੁਹੱਲਿਆਂ ’ਚ ਮੀਟਰਾਂ ਦੀ ਚੈਕਿੰਗ ਕੀਤੀ ਗਈ। ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਐਕਸੀਅਨ ਇੰਜੀ. ਜਸਵੰਤ ਸਿੰਘ ਜਲਾਲਾਬਾਦ ਅਤੇ ਐੱਸ. ਡੀ. ਓ. ਜਸਵਿੰਦਰ ਸਿੰਘ ਗੁਰੂਹਰਸਹਾਏ ਨੇ ਦੱਸਿਆ ਕਿ ਇਸ ਚੈਕਿੰਗ ਦੌਰਾਨ ਲੱਗਭਗ 1,50 ਲੱਖ ਰੁਪਏ ਦੇ



ਜੁਰਮਾਨੇ ਕੀਤੇ ਗਏ ਹਨ ਤੇ ਅੱਗੇ ਤੋਂ ਵੀ ਇਸੇ ਤਰ੍ਹਾਂ ਹੀ ਚੈਕਿੰਗ ਜਾਰੀ ਰਹੇਗੀ। ਉਨ੍ਹਾਂ ਖਪਤਕਾਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰਾਂ ਦਾ ਲੋਡ ਵਧਾਉਣ ਤੇ ਆਪਣੇ ਬਿਜਲੀ ਬਿੱਲਾਂ ਦੀ ਬਕਾਇਆ ਰਾਸ਼ੀ ਵੀ ਜਮਾਂ ਕਰਵਾਉਣ, ਜੇ ਕੋਈ ਬਿਜਲੀ ਚੋਰੀ ਕਰਦਿਆ ਫੜਿਆ ਗਿਆ ਤਾਂ ਉਸ ਨੂੰ ਭਾਰੀ ਜੁਰਮਾਨਾ ਵੀ ਮੌਕੇ ’ਤੇ ਕੀਤਾ ਜਾਵੇਗਾ। ਗੁਰੂਹਰਸਹਾਏ ਦੇ ਅਲੱਗ-ਅਲੱਗ ਮੀਟਰ ਬਕਸਿਆਂ ਵਿਚੋਂ ਕਾਫੀ ਜਗ੍ਹਾ ’ਤੇ ਮੀਟਰਾਂ ਨਾਲ ਛੇੜਛਾੜ ਪਾਈ ਗਈ ਹੈ ਅਤੇ ਅਸੀਂ ਮੀਟਰਾਂ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਸੀਲ ਬੰਦ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੀਟਰਾਂ ਨੂੰ ਲੈਬ ’ਚ ਭੇਜਿਆ ਜਾਵੇਗਾ। ਜੇਕਰ ਸੀਲ ਬੰਦ ਮੀਟਰਾਂ ’ਚ ਗੜਬੜੀ ਪਾਈ ਜਾਂਦੀ ਹੈ ਤਾਂ ਉਨ੍ਹਾਂ ਖਪਤਕਾਰਾਂ ਖ਼ਿਲਾਫ ਬਨਦੀ ਕਾਰਵਾਈ ਕੀਤੀ ਜਾਵੇਗੀ ਅਤੇ ਜਿਨ੍ਹਾਂ ਦੀਆਂ ਕੁੰਡੀਆਂ ਫੜੀਆਂ ਗਈਆਂ ਹਨ ਉਨ੍ਹਾਂ ਨੂੰ ਮੌਕੇ ’ਤੇ ਹੀ ਜੁਰਮਾਨੇ ਪਾਏ ਗਏ ਹਨ।

## ਰਾਹੁਲ ਗਾਂਧੀ ਵੱਲੋਂ ਸਿੱਖਾਂ ‘ਤੇ ਦਿੱਤੇ ਬਿਆਨ ‘ਤੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖੀ ਵੱਡੀ ਗੱਲ

ਅੰਮ੍ਰਿਤਸਰ 1 ਅਕਤੂਬਰ। ਸਿੱਖਾਂ ਦੇ ਪਹਿਲੇ ਗੁਰੂ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅੱਜ ਜੋਤੀ ਜੋਤ ਦਿਵਸ ਹੈ ਤੇ ਅੱਜ ਦੇ ਦਿਹਾੜੇ ਤੇ ਸੰਗਤਾਂ ਬੜੇ ਹੀ ਸਤਿਕਾਰ ਦੇ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੋਤੀ ਜੋਤਿ ਦਿਵਸ ਮਨਾ ਰਹੇ ਹਨ। ਉੱਥੇ ਹੀ ਦੂਜੇ ਪਾਸੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਅੰਮ੍ਰਿਤਸਰ ਸੱਚਖੰਡ ਸ੍ਰੀ ਦਰਬਾਰ ਸਾਹਿਬ ‘ਚ ਸਥਿਤ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਕਥਾ ਕਰਨ ਪਹੁੰਚੇ ਅਤੇ ਕਥਾ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਅੱਜ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਜੋਤੀ ਜੋਤਿ ਦਿਵਸ ਹੈ ਅਤੇ ਸੰਗਤਾਂ ਨੂੰ ਅੱਜ ਦਾ ਦਿਹਾੜਾ ਬੜੇ ਹੀ ਪਿਆਰ ਤੇ ਸਤਿਕਾਰ ਨਾਲ ਮਨਾਉਣਾ ਚਾਹੀਦਾ ਹੈ। ਇਸ ਦੌਰਾਨ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖਾਂ ਬਾਰੇ ਗੱਲ ਕਰਦਿਆਂ ਹੋਇਆ ਰਾਹੁਲ ਗਾਂਧੀ ਦੇ ਬਿਆਨ ਨੂੰ ਠੀਕ ਦੱਸਿਆ, ਉਥੇ ਹੀ ਕਿਹਾ ਕਿ ਦਿੱਲੀ ‘ਚ ਕਈ ਸਿੱਖਾਂ ਨਾਲ ਧੱਕੇਸ਼ਾਹੀ ਹੁੰਦੀ ਆ ਰਹੀ ਹੈ। ਅੱਗੇ ਬੋਲਦੇ ਹੋਏ ਉਨ੍ਹਾਂ ਨੇ ਕਿਹਾ ਕਿ ਜੋ ਵਿਦੇਸ਼ ‘ਚ ਰਾਹੁਲ ਗਾਂਧੀ ਵੱਲੋਂ ਸਿੱਖਾਂ ਪ੍ਰਤੀ ਬਿਆਨ ਦਿੱਤਾ ਗਿਆ ਹੈ ਉਹ ਬਿਆਨ ਬਿਲਕੁਲ ਠੀਕ ਹੈ ਦਿੱਲੀ ‘ਚ ਕਈ ਸਿੱਖਾਂ ਦੀ ਨਾਲ ਧੱਕੇਸ਼ਾਹੀ ਹੁੰਦੀ ਆ ਰਹੀ ਹੈ।

## ਪੰਜਾਬ ਬੋਰਡ ਦੇ ਵਿਦਿਆਰਥੀਆਂ ਲਈ ਵੱਡੀ ਖਬਰ, ਵਿਭਾਗ ਵਲੋਂ ਜਾਰੀ ਹੋਏ ਹੁਕਮ

**ਕਿਸ਼ਨ ਪਾਲ**

ਲੁਧਿਆਣਾ 1 ਅਕਤੂਬਰ। ਪੰਜਾਬ ਸਕੂਲ ਸਿੱਖਿਆ ਬੋਰਡ ਨੇ ਲਗਭਗ 6 ਮਹੀਨਿਆਂ ਬਾਅਦ ਹੋਣ ਵਾਲੀਆਂ ਪੀ. ਐੱਸ. ਈ. ਬੀ. 8ਵੀਂ, 10ਵੀਂ ਅਤੇ 12ਵੀਂ ਦੀਆਂ ਸਾਲਾਨਾ ਪ੍ਰੀਖਿਆਵਾਂ ਲਈ ਤਿਆਰੀਆਂ ਸ਼ੁਰੂ ਕਰ ਦਿੱਤੀ ਹਨ। ਬੋਰਡ ਨੇ ਇਹ ਯਕੀਨੀ ਬਣਾਉਣ ਲਈ ਪਹਿਲਾਂ ਹੀ ਪ੍ਰਬੰਧ ਕਰਨੇ ਸ਼ੁਰੂ ਕਰ ਦਿੱਤੇ ਹਨ ਕਿ ਪ੍ਰੀਖਿਆ ਦੇ ਦਿਨਾਂ ਦੌਰਾਨ ਪ੍ਰੀਖਿਆ ਕੇਂਦਰਾਂ ਅਤੇ ਉਮੀਦਵਾਰਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ ਤਾਂ ਜੋ ਹਰ ਕਮੀ ਨੂੰ ਸਮੇਂ ਸਿਰ ਪੂਰਾ ਕੀਤਾ ਜਾ ਸਕੇ। ਇਸੇ ਲੜੀ ਤਹਿਤ ਬੋਰਡ ਨੇ 2025 ’ਚ ਹੋਣ ਵਾਲੀਆਂ ਸਾਲਾਨਾ ਪ੍ਰੀਖਿਆਵਾਂ ਲਈ ਅਹਿਮ ਹਦਾਇਤਾਂ ਜਾਰੀ ਕੀਤੀਆਂ ਹਨ, ਜਿਸ ’ਚ ਸਾਰੇ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਆਪਣੀ ਲਾਗਇਨ ਆਈ. ਡੀ. ’ਤੇ ਸਕੂਲ ਦੇ ਬੁਨਿਆਦੀ ਢਾਂਚੇ ਦੀ ਰਿਪੋਰਟ ਅੱਪਲੋਡ ਕਰਨ। ਇਹ ਰਿਪੋਰਟ 8ਵੀਂ, 10ਵੀਂ ਅਤੇ 12ਵੀਂ ਜਮਾਤ ਲਈ ਪ੍ਰੀਖਿਆ ਕੇਂਦਰ ਸਥਾਪਿਤ ਕਰਨ ਲਈ ਜ਼ਰੂਰੀ ਹੈ। ਬੋਰਡ ਦਾ ਮੰਨਣਾ ਹੈ ਕਿ ਜੇਕਰ ਸਕੂਲਾਂ ਦੇ ਬੁਨਿਆਦੀ ਢਾਂਚੇ ਦੀ ਰਿਪੋਰਟ ਸਮੇਂ ਸਿਰ ਆ ਜਾਂਦੀ ਹੈ ਤਾਂ ਪ੍ਰਬੰਧ ਕਰਨਾ ਆਸਾਨ ਹੋ ਜਾਵੇਗਾ। ਬੋਰਡ ਦੇ ਸੂਤਰਾਂ ਅਨੁਸਾਰ ਅਕਤੂਬਰ ਦਾ ਮਹੀਨਾ ਤਿਉਹਾਰਾਂ ’ਚ ਬੀਤ ਜਾਵੇਗਾ, ਇਸ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਬੋਰਡ ਨੇ ਸਕੂਲਾਂ ਨੂੰ ਕਿਹਾ ਕਿ ਇਹ ਰਿਪੋਰਟ ਹਰ ਹਾਲਤ ’ਚ 11 ਅਕਤੂਬਰ ਤੱਕ ਜਮ੍ਹਾ ਕਰਵਾਉਣੀ ਲਾਜ਼ਮੀ ਹੋਵੇਗੀ। ਜਾਣਕਾਰੀ ਅਨੁਸਾਰ ਸਕੂਲ ਮੁਖੀਆਂ ਲਈ ਰਜਿਸਟ੍ਰੇਸ਼ਨ ਪੋਰਟਲ ’ਤੇ ਲਾਗਇਨ ਆਈ. ਡੀ. ਰਾਹੀਂ ਸਕੂਲ ਪ੍ਰੋਫਾਈਲ ਤਹਿਤ ਬੁਨਿਆਦੀ ਢਾਂਚਾ ਫਾਰਮ ਭਰਨਾ ਲਾਜ਼ਮੀ ਹੋਵੇਗਾ। ਇਸ ਦੇ ਨਾਲ ਹੀ ਪ੍ਰੀਖਿਆ ਕੇਂਦਰ ਨਾਲ ਸਬੰਧਤ ਪ੍ਰਸ਼ਨ-ਪੱਤਰਾਂ ਨੂੰ ਨਜ਼ਦੀਕੀ ਬੈਂਕ ਦੀ ਸੁਰੱਖਿਅਤ ਹਿਰਾਸਤ ’ਚ ਰੱਖਣ ਦਾ ਬਦਲ ਚੁਣਨਾ ਜ਼ਰੂਰੀ ਹੋਵੇਗਾ। ਮਾਰਚ 2025 ਇਮਤਿਹਾਨਾਂ ਦੌਰਾਨ, ਹਰ ਪ੍ਰੀਖਿਆ ਵਾਲੇ ਦਿਨ ਦੀਆਂ ਹੱਲ ਕੀਤੀਆਂ ਉੱਤਰ-ਪੱਤਰੀਆਂ ਨੂੰ ਨਜ਼ਦੀਕੀ ਸੰਗ੍ਰਹਿ ਕੇਂਦਰ ’ਤੇ ਜਮ੍ਹਾ ਕਰਨ ਦਾ ਬਦਲ ਚੁਣਨਾ ਵੀ ਜ਼ਰੂਰੀ ਹੈ। ਸਟੇਟ ਕੌਂਸਲ ਫਾਰ ਐਜੂਕੇਸ਼ਨਲ ਰਿਸਰਚ ਐਂਡ ਟਰੇਨਿੰਗ (ਐੱਸ. ਸੀ. ਈ. ਆਰ. ਟੀ.) ਪੰਜਾਬ ਨੇ ਹਾਲ ਹੀ ’ਚ ਸਾਰੇ ਜ਼ਿਲ੍ਹਾ ਸਿੱਖਿਆ ਅਫ਼ਸਰਾਂ (ਐਲੀਮੈਂਟਰੀ ਅਤੇ ਸੈਕੰਡਰੀ ਸਿੱਖਿਆ) ਨੂੰ 5ਵੀਂ ਅਤੇ 8ਵੀਂ ਜਮਾਤ ਦੇ ਨਤੀਜਿਆਂ ਦੇ ਸਰਟੀਫਿਕੇਟਾਂ ’ਚ ਕਿਸੇ ਵੀ ਤਰੁੱਟੀ ਨੂੰ ਠੀਕ ਕਰਨ ਲਈ ਇਕ ਮਹੱਤਵਪੂਰਨ ਨਿਰਦੇਸ਼ ਜਾਰੀ ਕੀਤਾ ਹੈ। ਪੱਤਰ ’ਚ ਦੱਸਿਆ ਗਿਆ ਹੈ ਕਿ ਕਈ ਜ਼ਿਲ੍ਹਿਆਂ ਤੋਂ ਵਿਦਿਆਰਥੀਆਂ ਦੇ ਨਤੀਜੇ ਸਰਟੀਫਿਕੇਟਾਂ ’ਚ ਦਰੁਸਤੀ ਜਾਂ ਤਸਦੀਕ ਕਰਨ ਦੀ ਮੰਗ ਸਬੰਧੀ ਜੋ ਅਰਜ਼ੀਆਂ ਲਗਾਤਾਰ ਪ੍ਰਾਪਤ ਹੋ ਰਹੀਆਂ ਹਨ, ਉਨ੍ਹਾਂ ਦਾ ਹੁਣ ਜ਼ਿਲ੍ਹਾ ਪੱਧਰ ’ਤੇ ਨਿਪਟਾਰਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਹ ਪੁਸ਼ਟੀ ਕੀਤੀ ਗਈ ਹੈ ਕਿ ਕੰਮ ਨੂੰ ਤੇਜ਼ੀ ਨਾਲ ਪੂਰਾ ਕਰਨ ਦੇ ਯੋਗ ਬਣਾਉਣ ਲਈ ਕਲਾਸ 5ਵੀਂ ਅਤੇ ਕਲਾਸ 8ਵੀਂ ਦੇ ਰਿਕਾਰਡ ਸਾਰੇ ਜ਼ਿਲ੍ਹਾ, ਬਲਾਕ ਅਤੇ ਸਕੂਲ ਪੱਧਰਾਂ ’ਤੇ ਉਪਲੱਬਧ ਹਨ। ਜਾਰੀ ਦਿਸ਼ਾ-ਨਿਰਦੇਸ਼ਾਂ ’ਚ ਕਿਹਾ ਗਿਆ ਹੈ ਕਿ ਸਾਰੇ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਆਪਣੇ ਜ਼ਿਲ੍ਹਿਆਂ ’ਚ ਐੱਸ. ਸੀ. ਈ. ਆਰ. ਟੀ. ਵੱਲੋਂ ਜਾਰੀ ਨਤੀਜੇ ਸਰਟੀਫਿਕੇਟਾਂ ’ਚ ਲੋੜੀਂਦੀ ਦਰੁਸਤੀ, ਤਸਦੀਕ ਅਤੇ ਡੁਪਲੀਕੇਟ ਸਰਟੀਫਿਕੇਟ ਜਾਰੀ ਕਰਨ ਦੀ ਪ੍ਰਕਿਰਿਆ ਨੂੰ ਖੁਦ ਮੁਕੰਮਲ ਕਰਨ ਦੇ ਹੁਕਮ ਦਿੱਤੇ ਗਏ ਹਨ।

## ਪੰਜਾਬ ਵਾਸੀਆਂ ਲਈ ਜਾਰੀ ਹੋਈ ਐਡਵਾਇਜਰੀ, ਹੋ ਜਾਓ ਸਾਵਧਾਨ

ਲੁਧਿਆਣਾ 1 ਅਕਤੂਬਰ। ਸਿਵਲ ਸਰਜਨ ਲੁਧਿਆਣਾ ਡਾ. ਪ੍ਰਦੀਪ ਕੁਮਾਰ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਰੈਬੀਜ (ਹਲਕਾਅ) ਇਕ ਜਾਨਲੇਵਾ ਬੀਮਾਰੀ ਹੈ, ਰੈਬੀਜ ਕਿਸੇ ਵੀ ਜਾਨਵਰ ਦੇ ਕੱਟਣ ਤੋਂ ਹੋ ਸਕਦੀ ਹੈ। ਜੇਕਰ ਕਿਸੇ ਨੂੰ ਕੋਈ ਵੀ ਜਾਨਵਰ ਜਿਵੇਂ ਕੁੱਤਾ, ਬਿੱਲੀ, ਚੂਹਾ, ਬਾਂਦਰ, ਚਮਗਿੱਦੜ, ਲੰਗੂਰ, ਖਰਗੋਸ, ਨਿਓਲਾ ਆਦਿ ਕੱਟ ਲੈਂਦਾ ਹੈ ਤਾਂ ਜਖਮ ਨੂੰ ਵਗਦੇ ਸਾਫ ਪਾਣੀ ਨਾਲ ਸਾਬਣ ਲਗਾ ਕੇ 15 ਮਿੰਟ ਲਈ ਧੋਵੋ। ਜਖਮ ਨੂੰ ਅਲਕੋਹਲ ਜਾਂ ਆਇਓਡੀਨ ਘੋਲ ਨਾਲ



ਰੋਗਾਣੂ ਮੁਕਤ ਕਰੋ। ਜਖਮ ਨੂੰ ਨੰਗੇ ਹੱਥ ਨਾ ਲਗਾਓ। ਜਖਮ ਉੱਪਰ ਤੇਲ, ਮਿਰਚ, ਨਿੰਬੂ, ਪੱਤੇ ਜਾਂ ਕਿਸੇ ਹੋਰ ਤਰ੍ਹਾਂ ਦਾ ਪਦਾਰਥ ਨਾ ਲਗਾਓ ਅਤੇ ਨਾ ਹੀ ਪੱਟੀ ਕਰੋ। ਮਰੀਜ ਨੂੰ ਜਲਦੀ ਨੇੜੇ ਦੇ ਸਿਹਤ ਕੇਂਦਰ ਜਾ ਕੇ ਡਾਕਟਰ ਦੀ ਸਲਾਹ ਅਨੁਸਾਰ ਮੁਕੰਮਲ ਟੀਕਾਕਰਨ ਕਰਵਾਓ। ਜੇਕਰ ਕਿਸੇ ਵਿਅਕਤੀ ਨੇ ਆਪਣੇ ਘਰ ’ਚ ਗਾਂ, ਮੱਝ, ਬੱਕਰੀ, ਘੋੜਾ ਅਤੇ ਗਧਾ ਆਦਿ ਜਾਨਵਰ ਪਾਲੇ ਹੋਏ ਹਨ, ਉਸ ਵਿਅਕਤੀ ਅਤੇ ਪਾਲੇ ਹੋਏ ਜਾਨਵਰਾਂ ਦੀ ਵੈਕਸੀਨੇਸਨ ਕਰਵਾਉਣੀ ਜਰੂਰੀ ਹੈ। ਹਲਕਾਈ ਮੱਝ ਜਾਂ ਗਾਂ ਦਾ ਦੁੱਧ ਪੀਤਾ ਹੈ, ਉਸ ਨੂੰ ਵੈਕਸੀਨ ਕਰਵਾਉਣੀ ਚਾਹੀਦੀ ਹੈ। ਰੈਬੀਜ (ਹਲਕਾਅ) ਦਾ ਟੀਕਾਕਰਨ ਜ਼ਿਲ੍ਹਾ ਹਸਪਤਾਲ, ਸਬ-ਡਵੀਜਨਲ ਹਸਪਤਾਲਾਂ ਅਤੇ ਕਮਿਊਨਟੀ ਹੈਲਥ ਸੈਂਟਰਾਂ ’ਚ ਹਰ ਰੋਜ ਮੁਫਤ ਕੀਤਾ ਜਾਂਦਾ ਹੈ। ਲੋਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਆਪਣੇ ਆਪ ਨੂੰ ਜਾਨਵਰ ਦੇ ਕੱਟਣ ਤੋਂ ਬਚਾਅ ਕੇ ਰੱਖਿਆ ਜਾਵੇ। ਕਿਸੇ ਵੀ ਜਾਨਵਰ ਦੇ ਕੱਟਣ ‘ਤੇ ਲਾਪ੍ਰਵਾਹੀ ਨਾ ਵਰਤੀ ਜਾਵੇ। ਮੁਕੰਮਲ ਟੀਕਾਕਰਨ ਕਰਵਾਇਆ ਜਾਵੇ, ਜਿਨ੍ਹਾਂ ਨੇ ਆਪਣੇ ਘਰਾਂ ’ਚ ਜਾਨਵਰ ਪਾਲੇ ਹਨ, ਉਨ੍ਹਾਂ ਦੀ ਮੁਕੰਮਲ ਵੈਕਸੀਨੇਸਨ ਕਰਵਾਈ ਜਾਵੇ। ਬੱਚਿਆਂ ਨੂੰ ਅਵਾਰਾ ਜਾਨਵਰਾਂ ਤੋਂ ਦੂਰ ਰਹਿਣ ਅਤੇ ਉਨ੍ਹਾਂ ਨਾਲ ਨਾ ਖੇਡਣ ਦੀ ਸਲਾਹ ਦਿੱਤੀ ਜਾਵੇ। ਸਿਹਤ ਵਿਭਾਗ ਵੱਲੋਂ ਹਲਕਾਅ ਤੋਂ ਬਚਾਅ ਸਬੰਧੀ ਜਾਗਰੂਕਤਾ ਗਤੀਵਿਧੀਆਂ ਜਾਰੀ ਹਨ।

## ਹਰ ਤੀਜੇ ਮਹੀਨੇ ਪੈਟਰੋਲ-ਡੀਜਲ ਦੀਆਂ ਕੀਮਤਾਂ ਦੀ ਸਮੀਖਿਆ ਕਰੇਗੀ ਸਰਕਾਰ

ਨਵੀਂ ਦਿੱਲੀ 1 ਅਕਤੂਬਰ। ਕੱਚੇ ਤੇਲ ਦੀਆਂ ਕੀਮਤਾਂ ‘ਚ ਕਟੌਤੀ ਦਾ ਫਾਇਦਾ ਖਪਤਕਾਰਾਂ ਤੱਕ ਪਹੁੰਚਾਉਣ ਲਈ ਕੇਂਦਰ ਸਰਕਾਰ ਹੁਣ ਹਰ ਤਿੰਨ ਮਹੀਨੇ ਬਾਅਦ ਕੀਮਤਾਂ ਦੀ ਸਮੀਖਿਆ ਕਰਨ ਦੀ ਯੋਜਨਾ ਬਣਾ ਰਹੀ ਹੈ। ਇਸ ਵਿੱਚ ਕੇਂਦਰੀ ਐਕਸਾਈਜ ਡਿਊਟੀ ਜਾਂ ਸਟੇਟ ਵੈਟ ਵਿੱਚ ਕਟੌਤੀ ਨੂੰ ਨਵੇਂ ਨਿਯਮਾਂ ਤੋਂ ਵੱਖ ਰੱਖਿਆ ਜਾਵੇਗਾ। ਇਸ ਦਾ ਮਤਲਬ ਹੈ ਕਿ ਕੰਪਨੀਆਂ ਨੂੰ ਆਪਣੇ ਮੁਨਾਫੇ ਦਾ 10 ਫੀਸਦੀ ਖਪਤਕਾਰਾਂ ਨੂੰ ਦੇਣਾ ਹੋਵੇਗਾ। ਇਸ ਤੋਂ ਇਲਾਵਾ ਸਰਕਾਰਾਂ ਆਪਣੀਆਂ ਫੀਸਾਂ ਘਟਾ ਕੇ ਵਾਧੂ ਰਾਹਤ ਵੀ ਦੇ ਸਕਦੀਆਂ ਹਨ। ਸੂਤਰਾਂ ਮੁਤਾਬਕ ਜੇਕਰ ਤਿੰਨ ਮਹੀਨਿਆਂ ‘ਚ ਕੀਮਤਾਂ ਦੀ ਸਮੀਖਿਆ ਕੀਤੀ ਜਾਵੇ ਤਾਂ ਨਵੀਆਂ ਕੀਮਤਾਂ ਤੈਅ ਕਰਨ ਤੋਂ ਬਾਅਦ ਤਿੰਨ ਮਹੀਨਿਆਂ ਤੱਕ ਕੋਈ ਬਦਲਾਅ ਨਹੀਂ ਹੋਵੇਗਾ। ਮੌਜੂਦਾ ਸਮੇਂ ‘ਚ ਕੰਪਨੀਆਂ ਪੈਟਰੋਲ ‘ਤੇ 15 ਰੁਪਏ ਪ੍ਰਤੀ ਲੀਟਰ ਦਾ ਸ਼ੁੱਧ ਲਾਭ ਕਮਾ ਰਹੀਆਂ ਹਨ। ਜੇਕਰ 10 ਫੀਸਦੀ ਫਾਇਦਾ ਖਪਤਕਾਰਾਂ ਨੂੰ ਦਿੱਤਾ ਜਾਂਦਾ ਹੈ ਤਾਂ ਪੈਟਰੋਲ ਦੀ ਕੀਮਤ 1.5 ਰੁਪਏ ਅਤੇ ਡੀਜਲ ਦੀ ਕੀਮਤ 1.20 ਰੁਪਏ ਤੱਕ ਘੱਟ ਸਕਦੀ ਹੈ। ਹਾਲ ਹੀ ‘ਚ ਕੱਚੇ ਤੇਲ ਦੀਆਂ ਕੀਮਤਾਂ ‘ਚ 19 ਫੀਸਦੀ ਦੀ ਕਮੀ ਆਈ ਹੈ ਪਰ ਖਪਤਕਾਰਾਂ ਨੂੰ ਇਸ ਦਾ ਪੂਰਾ ਫਾਇਦਾ ਨਹੀਂ ਮਿਲ ਸਕਿਆ ਹੈ। ਦਰਅਸਲ, ਪ੍ਰਤੀ ਬੈਰਲ ਇਕ ਰੁਪਏ ਦੀ ਕਟੌਤੀ ਨਾਲ ਸਰਕਾਰ ਨੂੰ ਸਾਲਾਨਾ ਲਗਭਗ 13 ਹਜਾਰ ਕਰੋੜ ਰੁਪਏ ਦੀ ਬਚਤ ਹੁੰਦੀ ਹੈ।


## ਸ਼੍ਰੀ ਅਕਾਲ ਤਖਤ ਸਾਹਿਬ ਵਲੋਂ ਬੀਬੀ ਜਗੀਰ ਕੌਰ ਨੂੰ ਨੋਟਿਸ ਜਾਰੀ

ਅੰਮ੍ਰਿਤਸਰ 1 ਅਕਤੂਬਰ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਵੱਲੋਂ ਜਾਰੀ ਹੋਏ ਅਦੇਸਾਂ ਤਹਿਤ ਸ੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਚਿੱਠੀ ਭੇਜੀ ਗਈ ਹੈ। ਜਿਸ ਵਿੱਚ ਉਹਨਾਂ ਨੂੰ ਆਪਣਾ ਸਪੱਸਟੀਕਰਨ ਦੇਣ ਲਈ ਇੱਕ ਹਫਤੇ ਦਾ ਸਮਾਂ ਦਿੱਤਾ ਗਿਆ ਹੈ । ਮਿਲੀ ਜਾਣਕਾਰੀ ਅਨੁਸਾਰ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੋਈ ਚਿੱਠੀ ਵਿੱਚ ਲਿਖਿਆ ਹੈ ਕਿ ਵੱਖ ਵੱਖ ਜਥੇਬੰਦੀਆਂ ਤੇ ਹੋਰ ਸਿੱਖ ਸੰਗਤਾਂ ਵੱਲੋਂ ਪਿਛਲੇ ਦਿਨੀਂ ਬੀਬੀ ਜਗੀਰ ਕੌਰ ਦੇ ਖਿਲਾਫ ਸ੍ਰੀ ਅਕਾਲ ਤਖਤ ਸਾਹਿਬ ਦੇ ਸਕੱਤਰੇਤ ‘ਤੇ ਮੰਗ ਪੱਤਰ ਦਿੱਤੇ ਗਏ ਸਨ। ਜਿਨਾਂ ਵਿੱਚ ਉਹਨਾਂ ਉੱਤੇ ਕਈ ਤਰ੍ਹਾਂ ਦੇ ਦੋਸ ਲਗਾਏ ਗਏ ਸਨ, ਜਥੇਬੰਦੀਆਂ ਵੱਲੋਂ ਬੀਬੀ ਜਗੀਰ ਕੌਰ ਉੱਤੇ ਰੋਮਾਂ ਦੀ ਬੇਅਦਬੀ ਅਤੇ ਆਪਣੀ ਬੇਟੀ ਨੂੰ ਮਾਰਨ ਦੇ ਗੰਭੀਰ ਦੋਸ ਲਗਾਏ ਗਏ ਸਨ। ਜਥੇਬੰਦੀਆਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਕੋਲੋਂ ਇਸ ‘ਤੇ ਕਾਰਵਾਈ ਕਰਨ ਦੀ ਮੰਗ ਕੀਤੀ ਸੀ। ਉਸ ਦੇ ਤਹਿਤ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਸਿੱਖ ਸੰਗਤਾਂ ਅਤੇ ਵੱਖ ਵੱਖ ਜਥੇਬੰਦੀਆਂ ਦੀ ਮੰਗ ਨੂੰ ਵੇਖਦੇ ਹੋਏ ਇਸ ‘ਤੇ ਕਾਰਵਾਈ ਕੀਤੀ ਗਈ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਸਕੱਤਰ ਤੋਂ ਜਾਰੀ ਹੋਈ ਚਿੱਠੀ ਵਿੱਚ ਲਿਖਿਆ ਹੈ ਕਿ ਬੀਬੀ ਜਗੀਰ ਕੌਰ ਵੱਲੋਂ ਇੱਕ ਹਫਤੇ ਦੇ ਅੰਦਰ ਆਪਣਾ ਸਪੱਸਟੀਕਰਨ ਸ੍ਰੀ ਅਕਾਲ ਤਖਤ ਸਾਹਿਬ ‘ਤੇ ਪੇਸ ਹੋ ਕੇ ਦਿੱਤਾ ਜਾਵੇ।

# ਪੰਚਾਇਤੀ ਚੋਣਾਂ ਦਾ ਬਿਗੁਲ ਵੱਜਦਿਆਂ ਹੀ ਪਿੰਡਾਂ ’ਚ ਚੋਣ ਦੰਗਲ ਭਖਣੇ ਸ਼ੁਰੂ

**ਏਜੰਸੀਆਂ**

ਭਵਾਨੀਗੜ੍ਹ 1 ਅਕਤੂਬਰ। ਪੰਜਾਬ ’ਚ ਪੰਚਾਇਤੀ ਚੋਣਾਂ ਦਾ ਬਿਗੁਲ ਵੱਜਦਿਆਂ ਹੀ ਪੰਚਾਇਤੀ ਚੋਣਾਂ ਨੂੰ ਲੈ ਕੇ ਪਿੰਡ ’ਚ ਚੋਣ ਦੰਗਲ ਭਖਣੇ ਸ਼ੁਰੂ ਹੋ ਗਏ ਹਨ ਅਤੇ ਇਨ੍ਹਾਂ ਚੋਣਾਂ ਨੂੰ ਲੈ ਕੇ ਲੋਕਾਂ ’ਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ ਅਤੇ ਪਿੰਡਾਂ ’ਚ ਚੋਣਾਂ ਨੂੰ ਲੈ ਕੇ ਸਰਗਰਮੀਆਂ ਕਾਫੀ ਤੇਜ਼ ਨਜ਼ਰ ਆ ਰਹੀਆਂ ਹਨ। ਭਾਵੇਂ ਕਿ ਮੁੱਖ ਮੰਤਰੀ ਮਾਨ ਵੱਲੋਂ ਇਨ੍ਹਾਂ ਚੋਣਾਂ ਨੂੰ ਲੈ ਕੇ ਪਿੰਡ ’ਚ ਸਰਬਸੰਮਤੀ ਨਾਲ ਸਰਪੰਚਾਂ ਦੀ ਚੋਣ ਕਰਨ ਅਤੇ ਪਿੰਡਾਂ ਨੂੰ 5 ਲੱਖ ਰੁਪਏ ਦੀ ਵਿਸ਼ੇਸ਼ ਗ੍ਰਾਂਟ ਦੇਣ ’ਤੇ ਦੂਜਾ ਸਿਆਸਤ ਤੋਂ ਉਪਰ ਉਠ ਕੇ ਪਿੰਡਾਂ ਦਾ ਸਹੀ ਵਿਕਾਸ ਕਰਨ ਵਾਲੇ ਈਮਾਨਦਾਰ ਵਿਅਕਤੀਆਂ ਨੂੰ ਮੌਕਾ ਦੇ ਕੇ ਬਿਨਾਂ ਕੋਈ ਖਰਚਾ ਕਰਵਾਏ ਪਿੰਡਾਂ ਦਾ ਸਰਪੰਚ ਚੁਣਨ ਦੇ ਸੰਦੇਸ਼ ਦਿੱਤੇ ਹਨ ਪਰ ਇਸ ਸਭ ਦੇ ਬਾਵਜੂਦ ਇਨ੍ਹਾਂ ਚੋਣਾਂ ਨੂੰ ਲੈ ਕੇ ਪਿੰਡਾਂ ’ਚ ਸਿਆਸਤ ਕਾਫੀ ਗਰਮਾਉਂਦੀ ਨਜ਼ਰ ਆ ਰਹੀ ਹੈ ਅਤੇ ਪਿੰਡਾਂ ’ਚ ਲੋਕਾਂ ਵੱਲੋਂ ਸਰਪੰਚੀ ਦੇ ਉਮੀਦਾਰ ਖੜ੍ਹੇ ਕਰਨ ਲਈ ਜ਼ੋਰਾਂ-ਸ਼ੋਰਾਂ ਨਾਲ ਜੋੜ-ਤੋੜ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਝੋਨੇ ਦੀ ਵਾਢੀ ਦਾ ਸੀਜਨ ਸਿਰ ’ਤੇ ਹੋਣ ਦੇ ਬਾਵਜੂਦ ਪਿੰਡਾਂ ’ਚ ਲੋਕ ਹੁਣ ਸੀਜਨ ਨੂੰ ਭੁੱਲ ਕੇ ਇਨ੍ਹਾਂ ਚੋਣਾਂ ਦੀਆਂ ਤਿਆਰੀਆਂ ’ਚ ਪੂਰੀ ਤਰ੍ਹਾਂ ਰੁਝੇ ਨਜ਼ਰ ਆ ਰਹੇ ਹਨ ਅਤੇ ਸਰਪੰਚੀ ਦੇ ਚਾਹਵਾਨ ਵਿਅਕਤੀਆਂ ਵੱਲੋਂ ਸੋਸ਼ਲ ਮੀਡੀਆ ਦੀਆਂ ਵੱਖ-ਵੱਖ ਸਾਈਟਾਂ ’ਤੇ ਆਪਣੀਆਂ ਪੋਸਟਾਂ ਸ਼ੇਅਰ ਕਰ ਕੇ ਖੁਦ ਦੇ ਸਰਪੰਚੀ ਦੀ ਚੋਣ ਲੜਣ ਦੇ ਐਲਾਨ ਕਰਨ ਦੇ ਨਾਲ-ਨਾਲ ਲੋਕਾਂ



ਨੂੰ ਚੋਣਾਂ ’ਚ ਮਦਦ ਲਈ ਗੁਹਾਰ ਲਾਈ ਜਾ ਰਹੀ ਹੈ। ਪਿੰਡਾਂ ’ਚ ਕਈ ਲੋਕ ਇਸ ਤਰ੍ਹਾਂ ਦੇ ਵੀ ਹਨ ਜੋ ਕਿ ਚੋਣਾਂ ਦੌਰਾਨ ਖਾਣ-ਪੀਣ ਦੀਆਂ ਮੌਜਾਂ ਦੀ ਉਡੀਕ ਕਰ ਰਹੇ ਹਨ। ਇਨ੍ਹਾਂ ਚੋਣਾਂ ਨੂੰ ਲੈ ਕੇ ਜ਼ਿਲਾ ਪ੍ਰਸ਼ਾਸਨ ਵੱਲੋਂ ਬਲਾਕ ਦੇ 66 ਪਿੰਡਾਂ ’ਚ ਸਰਪੰਚੀ ਦੀ ਚੋਣ ਲਈ ਜਨਰਲ ਤੇ ਰਾਖਵਾਂਕਰਨ ਦੀ ਸੂਚੀ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਜਿਸ ਤੋਂ ਬਾਅਦ ਹੁਣ ਚੋਣਾਂ ਦਾ ਮੌਸਮ ਪੂਰੀ ਤਰ੍ਹਾਂ ਸਾਫ ਹੋ ਗਿਆ ਹੈ ਅਤੇ ਹੁਣ ਦੇਖਣਾ ਹੋਵੇਗਾ ਕਿ ਚੋਣਾਂ ਤੱਕ ਅਗਲੇ ਦਿਨਾਂ ’ਚ ਪਿੰਡਾਂ ’ਚ ਕਿਸ ਤਰ੍ਹਾਂ ਦੀਆਂ ਸਥਿਤੀਆਂ ਪੈਦਾ ਹੁੰਦੀਆਂ ਹਨ। ਜ਼ਿਲਾ ਪ੍ਰਸ਼ਾਸਨ ਵੱਲੋਂ ਰਾਖਵੇਂਕਰਨ ਦੀ ਜਾਰੀ ਕੀਤੀ ਗਈ ਸੂਚੀ ਅਨੁਸਾਰ ਪਿੰਡ ਭਰਾਜ, ਬੀਬੜ, ਚੰਨੋਂ, ਕਾਲਾਝਾੜ ਖੁਰਦ, ਮੁਨਸ਼ੀਵਾਲਾ ਉਰਫ ਫਤਿਹ ਨਗਰ, ਨੂਰਪੁਰਾ, ਰਾਮਗੜ੍ਹ, ਰੇਤਗੜ੍ਹ, ਸੰਘਰੇੜੀ, ਸੰਤੋਖਪੁਰਾ ਤੇ ਸ਼ਾਹਪੁਰ ਐੱਸ. ਸੀ. ਕੈਟਾਗਰੀ ਲਈ ਰਾਖਵੇਂ ਕੀਤੇ ਗਏ ਹਨ। ਆਲੋਅਰਖ, ਬਾਲਦ ਖੁਰਦ, ਬਾਸੀਅਰਖ, ਭੱਟੀਵਾਲ ਖੁਰਦ, ਬਿਜਲਪੁਰ, ਹਰਦਿੱਤਪੁਰਾ, ਨੰਦਗੜ੍ਹ, ਰਾਏ ਸਿੰਘ ਵਾਲਾ ਤੇ ਸਕਰੌਦੀਂ ਐੱਸ.ਸੀ. ਕੈਟਾਗਰੀ ਦੀਆਂ ਔਰਤਾਂ ਲਈ ਰਾਖਵੇਂ ਕੀਤੇ ਗਏ ਹਨ। ਅਕਬਰਪੁਰ, ਬਖੋਪੀਰ, ਬਖਤੜੀ, ਬਟਰਿਆਣਾ, ਦਿਆਲਗੜ੍ਹ, ਦਿੱਤੂਪੁਰ, ਫਤਿਹਗੜ੍ਹ ਭਾਦਸੋਂ, ਗਹਿਲਾ, ਹਰਕ੍ਰਿਸ਼ਨਪੁਰਾ, ਕਾਕੜਾ, ਕਾਲਾਝਾੜ, ਖੇੜੀਚੰਦਵਾ, ਮਾਝਾ, ਮਾਝੀ, ਮਸਾਣੀ, ਮਹਿਸਮਪੁਰ, ਨੰਦਗੜ੍ਹ ਥੰਮਣ ਸਿੰਘ ਵਾਲਾ, ਨਰੈਣਗੜ੍ਹ, ਪੰਨਵਾ, ਸੰਜੂਮਾ, ਸੰਗਤਪੁਰਾ ਤੇ ਤੂਰੀ ਔਰਤਾਂ ਲਈ ਰਾਖਵੇਂ ਕੀਤੇ ਗਏ ਹਨ।

# ਅਸਤੀਫਾ ਨਹੀਂ ਆਇਆ ਫਿਰ ਵੀ ਮਾਮਲਾ ਗਰਮਾਇਆ ! ਇਨ੍ਹਾਂ ਗੱਲਾਂ ਤੋਂ ਨਾਰਾਜ ਨੇ ਜਾਖੜ

**ਏਜੰਸੀਆਂ**

ਚੰਡੀਗੜ੍ਹ 1 ਅਕਤੂਬਰ। ਪੂਰਾ ਦਿਨ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਵੱਲੋਂ ਅਸਤੀਫਾ ਦੇਣ ਦੀ ਚਰਚਾ ਚੱਲਦੀ ਰਹੀ। ਹਾਲਾਂਕਿ ਇਸ ਸਬੰਧੀ ਉਨ੍ਹਾਂ ਵੱਲੋਂ ਖੁਦ ਕੋਈ ਸਪੱਸ਼ਟੀਕਰਨ ਨਹੀਂ ਆਇਆ ਪਰ ਉਨ੍ਹਾਂ ਦੇ ਸਕੱਤਰ ਨੇ ਇਸ ਦਾ ਖੰਡਨ ਕੀਤਾ ਹੈ। ਦੂਜੇ ਪਾਸੇ ਭਾਜਪਾ ਦੇ ਸੂਬਾ ਜਨਰਲ ਸਕੱਤਰ ਅਨਿਲ ਸਰੀਨ ਨੇ ਕਿਹਾ ਕਿ ਜਾਖੜ ਨੇ ਅਸਤੀਫਾ ਨਹੀਂ ਦਿੱਤਾ। ਮੀਡੀਆ ’ਚ ਅਸਤੀਫੇ ਦੀ ਖਬਰ ਛਿੜਦਿਆਂ ਹੀ ਸਿਆਸਤ ਗਰਮਾ ਗਈ। ਕਿਹਾ ਜਾ ਰਿਹਾ ਹੈ ਕਿ ਸੁਨੀਲ ਜਾਖੜ ਰਵਨੀਤ ਬਿੱਟੂ ਨੂੰ ਲੋਕ ਸਭਾ ਚੋਣ ਹਾਰਨ ਦੇ ਬਾਵਜੂਦ ਕੇਂਦਰ ’ਚ ਮੰਤਰੀ ਬਣਾਏ ਜਾਣ ਤੋਂ ਨਾਰਾਜ ਹਨ। ਜਾਖੜ ਨੂੰ ਰਾਜ ਸਭਾ ਭੇਜਣ ਦੀ ਉਮੀਦ ਸੀ ਪਰ ਉਨ੍ਹਾਂ ਦੀ ਥਾਂ ਬਿੱਟੂ ਨੂੰ ਰਾਜ ਸਭਾ ਦਾ ਮੈਂਬਰ ਬਣਾ ਦਿੱਤਾ ਗਿਆ। ਉਹ ਸ਼੍ਰੋਮਣੀ ਅਕਾਲੀ ਦਲ ਨਾਲ ਮਿਲ ਕੇ ਲੋਕ ਸਭਾ ਚੋਣਾਂ ਲੜਨ ਦੇ ਹੱਕ ’ਚ ਸਨ ਪਰ ਭਾਜਪਾ ਨੇ ਉਨ੍ਹਾਂ ਦੀ ਸਲਾਹ ਨੂੰ ਦਰਕਿਨਾਰ ਕਰਦਿਆਂ ਇਕੱਲਿਆਂ ਹੀ ਚੋਣਾਂ ਲੜੀਆਂ। ਮਈ 2022 ‘ਚ ਸੁਨੀਲ ਜਾਖੜ ਨੇ ਫੇਸਬੁੱਕ ‘ਤੇ ਲਾਈਵ ਹੋ ਕੇ ਕਾਂਗਰਸ ਤੋਂ ਅਸਤੀਫਾ ਦੇ ਦਿੱਤਾ ਸੀ। ਉਹ ਕਾਂਗਰਸ ਤੋਂ ਨਾਰਾਜ ਸਨ ਕਿਉਂਕਿ ਉਨ੍ਹਾਂ ਨੂੰ ਕਿਹਾ ਜਾ ਰਿਹਾ ਸੀ ਕਿ ਸਤੰਬਰ, 2021 ’ਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸੱਤਾ ਤੋਂ ਲਾਂਭੇ ਹੋਣ ਤੋਂ ਬਾਅਦ ਉਹ ਅਗਲੇ ਮੁੱਖ ਮੰਤਰੀ ਹੋਣਗੇ। ਹਾਲਾਂਕਿ ਅੰਬਿਕਾ ਸੋਨੀ ਨੇ ਉਨ੍ਹਾਂ ਖ਼ਿਲਾਫ ਮੋਰਚਾ ਖੋਲ੍ਹਦਿਆਂ ਕਿਹਾ ਸੀ ਕਿ ਗੈਰ-ਸਿੱਖ ਪੰਜਾਬ ’ਚ ਮੁੱਖ ਮੰਤਰੀ ਨਹੀਂ ਹੋ ਸਕਦਾ। ਬਾਅਦ ’ਚ ਕਾਂਗਰਸ ਨੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਇਆ। ਸੁਨੀਲ ਜਾਖੜ 19 ਮਈ, 2022 ਨੂੰ ਕਾਂਗਰਸ ਛੱਡ ਕੇ ਭਾਜਪਾ ’ਚ ਸਾਮਲ ਹੋ ਗਏ ਸਨ। ਲਗਭਗ 14 ਮਹੀਨਿਆਂ ਬਾਅਦ ਪਾਰਟੀ ਨੇ ਉਨ੍ਹਾਂ ਨੂੰ 4 ਜੁਲਾਈ, 2023 ਨੂੰ ਅਸ਼ਵਨੀ ਸ਼ਰਮਾ ਦੀ ਥਾਂ ’ਤੇ ਉਨ੍ਹਾਂ ਨੂੰ ਪੰਜਾਬ ਭਾਜਪਾ ਦਾ ਪ੍ਰਧਾਨ ਨਿਯੁਕਤ ਕੀਤਾ। ਭਾਜਪਾ ਦੇ ਕਈ ਸੀਨੀਅਰ ਆਗੂ ਉਨ੍ਹਾਂ ਦੇ ਪ੍ਰਧਾਨ ਬਣਨ ਤੋਂ ਖੁਸ਼ ਨਹੀਂ ਸਨ ਕਿਉਂਕਿ ਉਹ ਪਾਰਟੀ ਲਈ ਲੰਬੇ ਸਮੇਂ ਤੋਂ ਕੰਮ ਕਰ ਰਹੇ ਸਨ। ਤਿੰਨ ਵਾਰ ਵਿਧਾਇਕ ਰਹੇ ਜਾਖੜ ਗੁਰਦਾਸਪੁਰ ਤੋਂ ਇਕ ਵਾਰ ਲੋਕ ਸਭਾ ਮੈਂਬਰ ਵੀ ਚੁਣੇ ਗਏ ਸਨ। ਸੁਨੀਲ ਜਾਖੜ ਨੇ 10 ਜੁਲਾਈ ਤੋਂ ਬਾਅਦ ਭਾਜਪਾ ਦੀ ਸੂਬਾ ਇਕਾਈ ਦੀ ਕਿਸੇ ਵੀ ਮੀਟਿੰਗ ’ਚ ਸ਼ਿਰਕਤ ਨਹੀਂ ਕੀਤੀ। ਉਨ੍ਹਾਂ ਨੇ ਸੂਬਾਈ ਭਾਜਪਾ ਦੀ ਮੈਂਬਰਸ਼ਿਪ ਮੁਹਿੰਮ ‘ਚ ਵੀ ਹਿੱਸਾ ਨਹੀਂ ਲਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਮ ਦਿਨ ਮੌਕੇ ਲਾਏ ਖੂਨਦਾਨ ਕੈਂਪ ’ਚ ਵੀ ਉਹ ਨਜਰ ਨਹੀਂ ਆਏ। ਦੱਸਿਆ ਜਾ ਰਿਹਾ ਹੈ ਕਿ ਉਹ ਭਾਜਪਾ ਦੇ ਕੁਝ ਨੇਤਾਵਾਂ



ਤੋਂ ਨਾਰਾਜ ਹਨ। ਉਹ ਪੰਚਾਇਤੀ ਚੋਣਾਂ ਲਈ ਪਾਰਟੀ ਦੀ ਰਣਨੀਤੀ ਬਾਰੇ ਵਿਚਾਰ-ਵਟਾਂਦਰਾ ਕਰਨ ਤੇ ਅੰਤਿਮ ਰੂਪ ਦੇਣ ਲਈ ਅ ਸੂਬਾ ਭਾਜਪਾ ਦੀ ਅਹਿਮ ਮੀਟਿੰਗ ’ਚ ਵੀ ਸਾਮਲ ਨਹੀਂ ਹੋਏ। ਸੂਤਰਾਂ ਮੁਤਾਬਕ ਸੂਬਾ ਇਕਾਈ ਦੇ ਕਈ ਸੀਨੀਅਰ ਨੇਤਾਵਾਂ ਨੇ ਜਾਖੜ ਨੂੰ ਫੋਨ ‘ਤੇ ਫੋਨ ਕੀਤੇ ਤੇ ਉਨ੍ਹਾਂ ਨੂੰ ਇਹ ਪੁੱਛਿਆ ਕਿ ਉਹ ਭਾਜਪਾ ਦੀਆਂ ਮੀਟਿੰਗਾਂ ’ਚ ਸ਼ਾਮਲ ਕਿਉਂ ਨਹੀਂ ਹੋ ਰਹੇ? ਭਾਜਪਾ ਦੇ ਇਕ ਸੀਨੀਅਰ ਨੇਤਾ ਨੇ ਜਾਖੜ ਨਾਲ ਫੋਨ ’ਤੇ ਗੱਲ ਵੀ ਕੀਤੀ, ਜਿਸ ਤੋਂ ਬਾਅਦ ਜਾਖੜ ਨੇ ਕਿਹਾ ਕਿ ਉਹ ਅੱਜ ਦੀ ਮੀਟਿੰਗ ’ਚ ਸਾਮਲ ਨਹੀਂ ਹੋ ਰਹੇ ਹਨ ਤੇ ਭਵਿੱਖ ’ਚ ਵੀ ਸੂਬਾ ਪ੍ਰਧਾਨ ਵਜੋਂ ਕਿਸੇ ਮੀਟਿੰਗ ’ਚ ਸਾਮਲ ਨਹੀਂ ਹੋਣਗੇ। ਸੂਤਰਾਂ ਦੀ ਮੰਨੀਏ ਤਾਂ ਜਾਖੜ ਨੇ ਜਲੰਧਰ ਜ਼ਿਮਨੀ ਚੋਣ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪਾਰਟੀ ਦੇ ਕੌਮੀ ਪ੍ਰਧਾਨ ਜੇ.ਪੀ. ਨੱਢਾ ਸਮੇਤ ਪਾਰਟੀ ਹਾਈਕਮਾਂਡ ਨੂੰ ਸੂਚਿਤ ਕੀਤਾ ਸੀ ਕਿ ਉਹ ਸੂਬਾ ਪ੍ਰਧਾਨ ਬਣੇ ਰਹਿਣਾ ਨਹੀਂ ਚਾਹੁੰਦੇ ਪਰ ਦੋਵੇਂ ਵੱਡੇ ਨੇਤਾਵਾਂ ਨੇ ਕਿਹਾ ਕਿ ਪਾਰਟੀ ਤੁਹਾਡੇ ਕੰਮ ਤੋਂ ਖੁਸ਼ ਹੈ, ਤੁਸੀਂ ਪਾਰਟੀ ਲਈ ਕੰਮ ਕਰਦੇ ਰਹੋ। ਇਸ ਸਾਲ ਲੋਕ ਸਭਾ ਚੋਣਾਂ ’ਚ ਭਾਜਪਾ ਕੋਈ ਵੀ ਸੀਟ ਨਹੀਂ ਜਿੱਤ ਸਕੀ ਤੇ ਜਲੰਧਰ ਜ਼ਿਮਨੀ ਚੋਣ ਵੀ ਹਾਰ ਗਈ ਸੀ। ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਜਾਖੜ ਦੇ ਅਸਤੀਫੇ ’ਤੇ ਚੁਟਕੀ ਲੈਂਦਿਆਂ ਐਕਸ ਅਕਾਊਂਟ ’ਤੇ ਪੁੱਛਿਆ ਕਿ ਉਹ ਅੱਗੇ ਕਿੱਥੇ ਜਾ ਰਹੇ ਹਨ? ਭਾਜਪਾ ਨੇ ਸੋਸ਼ਲ ਮੀਡੀਆ ਐਕਸ ਤੇ ਰਾਜਾ ਵੜਿੰਗ ਨੂੰ ਟੈਗ ਕਰਦਿਆਂ ਲਿਖਿਆ ਕਿ ‘ਜਿੱਥੇ ਗਈਆਂ ਬੇੜੀਆਂ...ਉੱਥੇ ਗਏ ਮਲਾਹ। ਜਿਹੜਾ ਨੰਬਰ ਤੁਹਾਡੇ ਕੋਲ ਐ, ਉਹ ਕਾਂਗਰਸ ਦਾ ਨੰਬਰ ਤਾਂ ਪ੍ਰਧਾਨ ਜੀ ਨੇ ਕਦੋਂ ਦਾ ਬੰਦ ਕਰ ਦਿੱਤਾ ਪਰ ਜੇ ਕੋਈ ਕਾਂਗਰਸੀ ਸੰਪਰਕ ਕਰਨਾ ਚਾਹੁੰਦਾ ਤਾਂ 80-80-80-2024 ਇਸ ਨੰਬਰ ਉੱਤੇ ਕਰ ਲਵੇ, ਬਾਕੀ ਜੇ ਤੁਹਾਡੇ ਪ੍ਰਧਾਨ ਜੀ ਰਾਜਾ ਵੜਿੰਗ ਦਾ ਵੀ ਦਿਲ ਕਰਦਾ ਭਾਜਪਾ ’ਚ ਸਾਮਲ ਹੋਣ ਦਾ ਤਾਂ ਦੱਸ ਦਿਓ...ਸਾਡੇ ਪ੍ਰਧਾਨ ਜੀ ਵਿਚਾਰ ਕਰ ਲੈਣਗੇ।’ ਭਾਜਪਾ ਨੇ ਕਾਂਗਰਸ ’ਤੇ ਰਾਜਾ ਵੜਿੰਗ ਨੂੰ ਜਵਾਬ ਦਿੰਦਿਆਂ ਲਿਖਿਆ, ‘ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ, ਤੁਸੀਂ ਸਾਡੇ ਪ੍ਰਧਾਨ ਦੀ ਚਿੰਤਾ ਛੱਡੋ ਤੇ ਆਪਣੀ ਕੁਰਸੀ ਬਚਾਓ। ਖਬਰਾਂ ਤਾਂ ਤੁਹਾਡੀ ਪ੍ਰਧਾਨਗੀ ਜਾਣ ਦੀਆਂ ਵੀ ਜੋਰਾਂ ’ਤੇ ਹਨ...ਹੋਰ ਪਤਾ ਲੱਗੇ ਸਾਡੇ ਚੱਕਰ ’ਚ ਦਿੱਲੀ ਤੋਂ ਤੁਹਾਡੇ ਜਾਣ ਦੀ ਚਿੱਠੀ ਆ ਜਾਵੇ।’ ਕਾਂਗਰਸ ਨੇ ਤੰਜ ਕਸਦਿਆਂ ਲਿਖਿਆ, ‘ਬੋਲੇ ਤਾਂ ਬੋਲੇਉਹ ਬੋਲੇ ਜਿਹਦੇ ਅਸੀਂ ਭੇਤ ਖੋਲ੍ਹੇ, ਤੁਹਾਡੇ ਪ੍ਰਧਾਨ ਜੀ ਇਹ ਗੱਲ ਆਪ ਵੀ ਦੱਸ ਸਕਦੇ ਸਨ ਕਿ ਉਨ੍ਹਾਂ ਨੇ ਅਸਤੀਫਾ ਨਹੀਂ ਦਿੱਤਾ ਜਾਂ ਸਭ ਕੁਝ ਠੀਕ ਹੈ ਪਰ ਨਹੀਂ, ਉਹ ਤਾਂ ਫੋਨ ਬੰਦ ਕਰ ਕੇ ਅਲੋਪ ਹੋ ਗਏ ਹਨ।’